# ਮੋਈ ਮਾਂ ਦਾ ਦੁੱਧ

## (ਕਹਾਣੀ-ਸੰਗ੍ਰਹਿ)



ਮਨਮੋਹਨ ਸਿੰਘ ਦਾਊਂ

# ਮੋਈ ਮਾਂ ਦਾ ਦੁੱਧ

# ਮੋਈ ਮਾਂ ਦਾ ਦੁੱਧ

## ਪੁਆਧ 'ਚ ਵਾਪਰੇ 1947 ਦੇ
## ਸੰਤਾਪ ਦੀਆਂ ਕਥਾਵਾਂ

**ਮਨਮੋਹਨ ਸਿੰਘ ਦਾਊਂ**

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

# Moee Maa Da Dudh

Short Stories of 1947-Partition
relating to Puadh

By : Manmohan Singh Daon
# 280, Phase-6, S.A.S. Nagar,
Mohali (Pb.) -160055

Mob : 98151-23900

E.mail. : m.s.daonpoet@gmail.com

Sketch : Manmohan Singh Daon

ISBN : 978-93-95706-96-4

Price : Rs. 200
Edition : 2024

**Published by :**

Tarlochan Publishers
3236, Sector 15-D, Chandigarh
Mob: 98146-73236, Tel. 0172-4803236
E-mail : tpublishers3236@gmail.com

---

**ਮੋਈ ਮਾਂ ਦਾ ਦੁੱਧ** (ਕਹਾਣੀ-ਸੰਗ੍ਰਹਿ), **ਲੇਖਕ** : ਮਨਮੋਹਨ ਸਿੰਘ ਦਾਊਂ
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ-160015
**ਪੇਸ਼ਕਸ਼** : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

# ਸਮਰਪਣ

ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ
ਉਨ੍ਹਾਂ ਰੂਹਾਂ ਨੂੰ ਜਿਹੜੀਆਂ
1947 ਦੇ ਫਸਾਦਾਂ 'ਚ
ਵਿਛੜ ਗਈਆਂ!!

ਸਹਿਜ ਵੱਸਦਿਆਂ ਜੇਡ ਨਾ ਭਲਾ ਕੋਈ,
ਬੁਰਾ ਨਹੀਂ ਜੇ ਕੰਮ ਫਤੂਰ ਜਿਹਾ।
ਵਾਰਿਸ ਸ਼ਾਹ

# ਤਰਤੀਬ


| | | |
|---|---|---|
| • | ਭੂਮਿਕਾ ਵਜੋਂ | 8 |
| 1. | ਫ਼ਰਿਸ਼ਤੇ ਵਰਗਾ ਮਨੁੱਖ | 19 |
| 2. | ਗੰਡਾਸੀ ਵਾਲਾ ਮੋਢਾ | 39 |
| 3. | ਮੋਈ ਮਾਂ ਦਾ ਦੁੱਧ | 53 |
| 4. | ਕਬਰ 'ਚੋਂ ਉੱਠਦੀ ਖ਼ੁਸ਼ਬੂ | 63 |
| 5. | ਕਰੀਮ ਬਖ਼ਸ਼ | 73 |
| 6. | ਇੱਕ ਇਲਾਚੀ ਇੱਕ ਛੁਆਰਾ | 85 |
| 7. | ਲਾਵਾਰਸ ਦਾ ਪੁਨਰ ਜਨਮ | 93 |

ਭੂਮਿਕਾ ਵਜੋਂ

# ਨਹੀਂ ਭੁੱਲਦੇ 1947 ਦੇ ਹੱਲੇ

ਮੈਂ ਜਦੋਂ ਵੀ ਆਪਣੇ ਬਚਪਨ ਦੀਆਂ ਯਾਦਾਂ ਚੇਤੇ ਕਰਦਾ ਹਾਂ ਤਾਂ ਉਹ ਅੱਖੀ ਡਿੱਠੀ ਤੇ ਕੰਨੀ ਸੁਣੀ ਘਟਨਾ ਭੁਲਾਈ ਨਹੀਂ ਜਾਂਦੀ। ਗੱਲ 1947 ਦੀ ਹੈ। ਸ਼ਾਇਦ ਉਸ ਦਿਨ ਐਤਵਾਰ ਸੀ। ਆਮ ਐਤਵਾਰ ਵਾਂਗ ਅਸੀਂ ਵੀ ਆਪਣੇ ਪਿਤਾ ਜੀ ਨਾਲ ਪਿੰਡ ਦੇ ਖੂਹ 'ਤੇ ਕੱਪੜੇ ਧੋਣ ਹੀ ਲੱਗੇ ਸਾਂ ਕਿ ਖੌਫ਼ਨਾਕ ਖ਼ਬਰ ਫੈਲ ਗਈ। 'ਹੱਲੇ ਪੈ ਗਏ। ਹੱਲੇ ਪੈ ਗਏ।' ਉਦੋਂ ਮੇਰੀ ਉਮਰ ਛੇ ਕੁ ਸਾਲ ਸੀ। ਪੰਜਾਬ ਦੀ ਵੰਡ ਜਾਂ ਪਾਕਿਸਤਾਨ ਬਣਨ ਦੀ ਗੱਲ ਮੈਨੂੰ ਕੀ ਸਮਝ ਆਉਣੀ ਸੀ। ਹੱਲੇ ਸ਼ਬਦ ਨੇ ਸਾਰੇ ਪਿੰਡ ਵਿੱਚ ਹਲਚਲ ਮਚਾ ਦਿੱਤੀ। ਚੁਬੱਚਾ ਪਾਣੀ ਦਾ ਭਰਿਆ ਹੋਇਆ ਸੀ ਤੇ ਅਸੀਂ ਕੁੱਝ ਕੱਪੜੇ ਅਜੇ ਗਿੱਲੇ ਹੀ ਕੀਤੇ ਸਨ ਕਿ ਸਾਨੂੰ ਵੀ

ਹੱਥਾਂ-ਪੈਰਾਂ ਦੀ ਪੈ ਗਈ। ਖੂਹ ਦੇ ਨਾਲ ਲੱਗਦੇ ਘਰ ਮੁਸਲਮਾਨਾਂ ਦੇ ਸਨ। ਚੁਬੱਚੇ 'ਚੋਂ ਨੁੱਚੜਦੇ ਕੱਪੜੇ ਇਕੱਠੇ ਕਰਕੇ ਅਸੀਂ ਘਰ ਨੂੰ ਭੱਜਣ ਦੀ ਕੀਤੀ। ਮੈਂ ਚੁਬੱਚੇ 'ਚੋਂ ਪਿੱਤਲ ਦੀ ਗੜਵੀ ਸਾਂਭ ਕੇ ਪਿਤਾ ਜੀ ਦੇ ਪਿੱਛੇ-ਪਿੱਛੇ ਹੋ ਤੁਰਿਆ।

ਉਦੋਂ ਮੇਰੇ ਲਈ ਗੜਵੀ ਹੀ ਇੱਕ ਜ਼ਰੂਰੀ ਵਸਤ ਸੀ। ਹੁਣ ਜਦੋਂ ਕਦੇ ਵੀ ਉਹ ਦਿਨ ਯਾਦ ਆਉਂਦਾ ਹੈ ਤਾਂ ਸੋਚੀਦਾ ਕਿ ਆਪਣੇ ਪਿੰਡ ਨੂੰ ਛੱਡ ਕੇ ਜਾਣਾ ਕਿੰਨਾ ਔਖਾ ਹੁੰਦਾ ਹੈ। ਜਨਮ-ਭੂਮੀ ਦਾ ਮੋਹ ਆਪਣੀ ਮਾਂ ਦੀ ਗੋਦ ਵਰਗਾ ਹੁੰਦਾ ਹੈ। ਅਸੀਂ ਤਾਂ ਗੜਵੀ ਤੇ ਕੱਪੜੇ ਸਾਂਭ ਲਏ ਸਨ ਪਰ ਧੰਨ ਉਨ੍ਹਾਂ ਲੋਕਾਂ ਦਾ ਜੇਰਾ, ਜਿਹੜੇ ਆਪਣੀ ਜਾਨ ਤੋਂ ਸਿਵਾਏ, ਆਪਣੀ ਹੋਰ ਕੋਈ ਵੀ ਚੀਜ਼ ਨਹੀਂ ਸੀ ਚੁੱਕ ਸਕੇ। ਉਨ੍ਹਾਂ ਅਣਧੋਤੇ ਗਿੱਲੇ ਕੱਪੜਿਆਂ ਦੇ ਨੁੱਚੜਦੇ ਪਾਣੀ ਵਾਂਗ ਵੰਡੇ ਪੰਜਾਬ ਦੀ ਪੀੜ ਦੇ ਅੱਥਰੂ ਅਜੇ ਵੀ ਸੁੱਕੇ ਨਹੀਂ। ਭਾਵੇਂ ਡੂੰਘਾ ਜ਼ਖ਼ਮ ਭਰ ਜਾਵੇ ਪਰੰਤੂ ਉਸਦਾ

ਨਿਸ਼ਾਨ ਮਿਟਦਾ ਨਹੀਂ। ਸਭ ਨੂੰ ਨੱਠ-ਭੱਜ ਪੈ ਗਈ। ਪਿੰਡ ਦੇ ਲੋਕ ਕੋਠਿਆਂ 'ਤੇ ਚੜ੍ਹ ਗਏ। ਤਰ੍ਹਾਂ-ਤਰ੍ਹਾਂ ਦੀਆਂ ਖ਼ਬਰਾਂ ਫੈਲ ਰਹੀਆਂ ਸਨ। "ਪਿੰਡ ਫੂਕ 'ਤੇ। ਫਤੀਆ ਆ ਗਿਆ, ਤਿਆਰ ਰਹੋ। ਕਤਲੇਆਮ ਹੋ ਰਿਹਾ। ਫਲਾਣੀ ਥਾਂ ਇੰਨੇ ਮਾਰ ਦਿੱਤੇ...।" ਅਸੀਂ ਆਪਣੇ ਬਾਹਰਲੇ ਪਿੱਪਲ ਵਾਲੇ ਘਰ ਤੋਂ ਅੰਦਰਲੇ ਮਕਾਨ 'ਚ ਆ ਗਏ। ਮਾਤਾ ਜੀ ਬਹੁਤ ਵਿਆਕੁਲ ਹੋ ਰਹੇ ਸਨ। "ਤੁਹਾਨੂੰ ਤਾਂ ਕੰਮ ਪਿਆਰਾ", ਮਾਤਾ ਜੀ ਮੇਰੇ ਪਿਤਾ ਜੀ ਨੂੰ ਉੱਚੀ-ਉੱਚੀ ਬੋਲ ਰਹੇ ਸਨ। ਘਬਰਾਹਟ ਨਾਲ ਹਰ ਕੋਈ ਸਹਿਮਿਆ ਹੋਇਆ ਸੀ। ਸਾਡਾ ਬਾਹਰਲਾ ਮਕਾਨ, ਮੁਸਲਮਾਨਾਂ ਦੇ ਘਰਾਂ ਦੇ ਨੇੜੇ ਹੁੰਦਾ ਸੀ। ਮੈਂ ਖੇਡਦੇ-ਖੇਡਦੇ 'ਮਿੱਤੇ' (ਗੁਆਂਢੀ ਮੁਸਲਮਾਨ) ਦੇ ਘਰੀਂ ਜਾ ਵੜਦਾ। ਉਸਦਾ ਛੋਟਾ ਲੜਕਾ 'ਘੁੱਦਾ' ਮੇਰਾ ਆੜੀ ਹੁੰਦਾ ਸੀ। ਪਿੱਪਲ ਦੇ ਪੱਤਿਆਂ ਦੀ ਰੇਲ ਬਣਾ ਕੇ ਅਸੀਂ ਖੇਡਿਆ ਕਰਦੇ। ਉਹ ਸਾਡੇ ਘਰ ਲੁਕਣਮੀਚੀ ਖੇਡਣ ਆ ਜਾਂਦਾ। ਘੁੱਦੇ

ਦੀ ਅੰਮੀ ਸਾਨੂੰ ਕੌਲੀਆਂ ਵਿੱਚ ਦੇਸੀ ਘਿਉ ਨਾਲ ਬਣਾਏ ਮਿੱਠੇ ਚੌਲ ਖਾਣ ਨੂੰ ਦੇ ਦਿੰਦੀ। ਸਾਡੇ ਘਰ ਘੁੱਦਾ ਕੜਾਹ-ਪ੍ਰਸਾਦ ਖਾਣ ਆ ਜਾਂਦਾ। ਕਦੇ-ਕਦੇ ਅਸੀਂ ਲੜ ਵੀ ਪੈਂਦੇ ਪਰੰਤੂ ਸਾਡੇ ਘਰਾਂ ਦੀ ਗੂੜ੍ਹੀ ਸਾਂਝ ਉਵੇਂ ਹੀ ਰਹਿੰਦੀ। ਘੁੱਦੇ ਦੀਆਂ ਭੈਣਾਂ ਮੇਰੀਆਂ ਭੈਣਾਂ ਨਾਲ ਖੇਡਦੀਆਂ ਰਹਿੰਦੀਆਂ। ਪਿੱਪਲ ਥੱਲੇ ਰੌਣਕ ਲੱਗੀ ਰਹਿੰਦੀ। ਅਪਣੱਤ ਦੀਆਂ ਤੰਦਾਂ ਅਣਵੰਡੀਆਂ ਸਨ। ਉਸ ਦਿਨ ਅਸੀਂ ਸਾਰੇ ਗਲੀ ਵਾਲੇ, ਬਸਾਖੀ ਤਰਖਾਣ ਦੇ ਕੱਚੇ ਚੁਬਾਰੇ ਵਿੱਚ ਇਕੱਠੇ ਹੋ ਗਏ। ਕਿੰਨੇ ਵਰ੍ਹੇ ਬੀਤ ਗਏ ਹਨ। ਨਾ ਬਸਾਖੀ ਤਰਖਾਣ ਰਿਹਾ ਅਤੇ ਨਾ ਉਸਦਾ ਚੁਬਾਰਾ। ਪਰ ਉਸ ਦਿਨ ਚੁਬਾਰੇ 'ਚ ਲਈ ਪਨਾਹ ਕਿੰਨਾ ਚਿਰ ਲੋਕਾਂ ਦੀ ਦੰਦ-ਕਥਾ ਬਣੀ ਰਹੀ। ਹੱਲਿਆਂ ਦੀਆਂ ਘਟਨਾਵਾਂ ਕਿੰਨਾ ਚਿਰ ਵਾਪਰਦੀਆਂ ਰਹੀਆਂ, ਮੇਰੇ ਬਾਲ ਮਨ ਨੂੰ ਚੇਤੇ ਹਨ। ਪਰ ਮੈਨੂੰ ਇਹ ਚੰਗੀ ਤਰ੍ਹਾਂ ਯਾਦ ਹੈ ਕਿ ਪਿੰਡ ਵਿੱਚ ਲੋਕਾਂ ਨੇ ਪਿੰਡ ਦੇ ਲੁਹਾਰਾਂ ਤੇ ਤਰਖਾਣਾਂ ਤੋਂ

ਨੇਜ਼ੇ, ਬਰਛੇ, ਟਕੂਏ, ਗੰਡਾਸੀਆਂ ਤੇ ਗੰਡਾਸੇ ਜ਼ਰੂਰ ਬਣਵਾਏ। ਅਸੀਂ ਵੀ ਤੂੜੀ ਵਾਲੇ ਕੋਠੇ ਵਿੱਚ ਦੋ ਬਰਛੇ ਤੇ ਇੱਕ ਨੇਜ਼ਾ ਬਣਵਾ ਕੇ ਲੁਕੋ ਦਿੱਤੇ। ਮੈਂ ਡਰਦਾ ਬਰਛੇ ਵਾਲੇ ਕੋਠੇ ਵਿੱਚ ਨਾ ਵੜਦਾ। ਮੈਥੋਂ ਵੱਡੇ ਭਰਾ ਨੇ ਆਪਣੇ ਆੜੀ ਰਤੀਏ ਨਾਲ ਮਿਲ ਕੇ ਦੌਲੇ ਤਰਖਾਣ ਤੋਂ ਇਕ ਲੋਹੇ ਦੀ ਛੋਟੀ ਤਲਵਾਰ ਬਣਵਾ ਲਈ। ਬਾਅਦ ਵਿੱਚ ਕਿੰਨਾ ਚਿਰ ਉਹ ਤਲਵਾਰ ਖੱਲ-ਖੂੰਜਿਆਂ ਵਿੱਚ ਰੁਲਦੀ ਰਹੀ। ਉਦੋਂ ਪਿੰਡ ਦੇ ਨਿਆਣਿਆਂ ਕੋਲ ਖਿਡੌਣੇ ਵੀ ਹਥਿਆਰ ਬਣ ਗਏ। ਇਹ ਵੱਢ-ਟੁੱਕ ਦਾ ਦੌਰ ਕਈ ਮਹੀਨੇ ਚੱਲਿਆ ਤੇ ਪੰਜਾਬ ਸਦਾ ਲਈ ਪੱਛਿਆ ਗਿਆ।

ਅਸੀਂ ਲੋਕਾਂ ਨੂੰ ਗੱਲਾਂ ਕਰਦੇ ਸੁਣਦੇ ਕਿ ਓਧਰ ਮੁਸਲਮਾਨਾਂ ਨੇ ਹਿੰਦੂਆਂ ਅਤੇ ਸਿੱਖਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ ਹੈ। ਬੱਚਿਆਂ ਨੂੰ ਉੱਪਰ ਉਛਾਲ ਕੇ ਬਰਛਿਆਂ ਨਾਲ ਪਰੁੰਨਿਆ ਜਾ ਰਿਹਾ ਹੈ। ਸੁਣ ਕੇ ਮੇਰਾ ਮਨ ਪਸੀਜਿਆ ਜਾਂਦਾ। ਮੈਂ ਆਪਣੀ

ਮਾਤਾ ਜੀ ਦੀ ਗੋਦ 'ਚ ਜਾ ਵੜਦਾ। ਅਜਿਹੀਆਂ ਵਾਰਦਾਤਾਂ ਸੁਣ ਕੇ ਸਾਡੇ ਪਿੰਡ ਦੇ ਕਈ ਬੰਦੇ ਨੇੜਲੇ ਮੁਸਲਮਾਨਾਂ ਦੇ ਪਿੰਡਾਂ ਨੂੰ ਲੁੱਟਣ ਜਾਂਦੇ। ਬਹੁਤ ਕੁਝ ਲੁੱਟ ਕੇ ਲਿਆਉਂਦੇ। ਮਾਤਾ ਜੀ ਨੇ ਦੱਸਿਆ ਸੀ ਕਿ ਫਲਾਣੇ ਨੇ ਲੁੱਟ ਦਾ ਬੜਾ ਮਾਲ ਢੋਇਆ। ਕਈ ਤਾਂ ਮੁਸਲਿਮ ਔਰਤਾਂ ਨੂੰ ਕੱਢ ਕੇ ਲਿਆਏ। ਕੱਢ ਕੇ ਲਿਆਉਣ ਦੇ ਅਰਥ ਮੈਨੂੰ ਬੜੀ ਦੇਰ ਬਾਅਦ ਸਮਝ ਆਏ। ਕਈ ਬੰਦੇ ਪਿੰਡ ਦੀ ਸੱਥ ਵਿੱਚ ਆਪਣੀ ਬਹਾਦਰੀ ਦੀਆਂ ਡੀਂਗਾਂ ਮਾਰਦੇ ਕਿ ਮੈਂ ਏਨੇ ਮੁਸਲਮਾਨ ਵੱਢੇ। ਬਹਾਦਰੀ ਤੇ ਨਿਡਰਤਾ ਦੇ ਅਰਥ ਹਾਲਾਤ ਨਾਲ ਕਿਵੇਂ ਬਦਲ ਜਾਂਦੇ ਹਨ। ਪੰਜਾਬ ਦੇ ਇਤਿਹਾਸ ਵਿੱਚ ਇਹ ਖ਼ੂਨੀ-ਕਾਂਡ ਅਮਿੱਟ ਰਹੇਗਾ ਕਿ ਕਿਵੇਂ ਸਦੀਆਂ ਦੀ ਸਾਂਝੀ-ਇਨਸਾਨੀਅਤ ਦਿਨਾਂ ਵਿੱਚ ਹੀ ਵਹਿਸ਼ੀ ਜਨੂੰਨ ਨੇ ਵਲੂੰਧਰ ਕੇ ਰੱਖ ਦਿੱਤੀ। ਸਾਡੇ ਪਿੰਡ ਦੇ ਮੁਸਲਮਾਨ ਸਹਿਮੇ ਹੋਏ ਸਨ। ਉਹ ਹਰ ਰੋਜ਼ ਇੱਕ ਥਾਂ ਇਕੱਠੇ ਹੋ ਜਾਂਦੇ। ਕਤਲੋਗਾਰਤ ਦੇ ਦਿਨ

ਲੰਘਦੇ ਰਹੇ। ਸਾਡਾ ਖੇਡਣਾ ਬੰਦ ਹੋ ਗਿਆ। ਦੇਸ਼ ਦੀ ਵੰਡ ਹੋ ਗਈ। ਸਾਡੇ ਪਿੰਡੋਂ ਮੁਸਲਮਾਨਾਂ ਦੇ ਤੁਰਨ ਦਾ ਦਿਨ ਆ ਗਿਆ। ਅਸੀਂ ਆਪਣੇ-ਆਪਣੇ ਬੂਹਿਆਂ ਅੱਗੇ ਖੜ੍ਹੇ ਸਾਂ। ਮੇਰੇ ਪਿੰਡ ਦੇ ਮੁਸਲਮਾਨ ਰੋਂਦੇ-ਕੁਰਲਾਉਂਦੇ ਕੱਛਾਂ 'ਚ ਗੱਠੜੀਆਂ ਸਾਂਭੀ ਪਿੰਡ ਨੂੰ ਸਦਾ-ਸਦਾ ਲਈ ਛੱਡ ਕੇ ਜਾ ਰਹੇ ਸਨ। ਮੈਂ ਚੁੱਪ ਕੀਤਾ ਆਪਣੇ ਹਾਣੀ 'ਘੁੱਦੇ' ਨੂੰ ਤਕ ਰਿਹਾ ਸਾਂ। ਉਸਦੀ ਅੰਮੀ ਦੇ ਅੱਥਰੂ ਵਹਿ ਰਹੇ ਸਨ। ਪਿੰਡ ਦੇ ਲੋਕ ਆਪਣੀਆਂ ਭਿੱਜੀਆਂ ਪਲਕਾਂ ਨਾਲ ਉਨ੍ਹਾਂ ਨੂੰ ਬੇਵੱਸ ਹੋਏ ਅਲਵਿਦਾ ਆਖ ਰਹੇ ਸਨ। ਦ੍ਰਿਸ਼ ਬੜਾ ਹੀ ਕਰੁਣਾਮਈ ਸੀ। ਸਭ ਦੇ ਚਿਹਰਿਆਂ 'ਤੇ ਸੋਗ ਛਾਇਆ ਹੋਇਆ ਸੀ। ਬੁੱਢਾ ਕਰੀਮ ਬਖ਼ਸ਼ ਧਾਹਾਂ ਮਾਰ ਰਿਹਾ ਸੀ। "ਲੋਕੋ, ਮੈਨੂੰ ਇੱਥੇ ਹੀ ਰੱਖ ਲਓ।"

ਮਿੱਤਾ, ਜੁੰਮਾ, ਫ਼ੈਜਾ, ਜਾਨੀ, ਮਜੀਦ, ਯੂਸਫ, ਦੌਲਾ ਖਾਂ, ਰਹਿਮਤ, ਹੈਦਰ ਅਲੀ ਆਦਿ ਆਪੋ-ਆਪਣੇ ਪਰਿਵਾਰਾਂ ਨੂੰ ਲੈ

ਕੇ ਨਮੋਸ਼ੀ ਨਾਲ ਟੁਰੇ ਜਾ ਰਹੇ ਸਨ। ਆਪਣੇ ਘਰ-ਬਾਰ ਨੂੰ ਛੱਡ ਕੇ ਜਾਣਾ ਬੜਾ ਹੀ ਦਰਦਨਾਕ ਸੀ। ਸਾਡੇ ਪਿਤਾ ਜੀ ਅਤੇ ਪਿੰਡ ਦੇ ਕੁਝ ਜ਼ਿੰਮੇਵਾਰ ਬੰਦੇ, ਆਪਣੇ ਪਿੰਡ ਦੇ ਮੁਸਲਮਾਨਾਂ ਨੂੰ ਖਰੜ ਸ਼ਹਿਰ ਦੇ ਕੈਂਪ 'ਚ ਛੱਡਣ ਲਈ ਨਾਲ ਹੋ ਤੁਰੇ। ਰਸਤੇ ਵਿੱਚ ਦੇਸੂਮਾਜਰਾ ਪਿੰਡ ਦੇ ਨੇੜੇ ਕੁਝ ਲੋਕਾਂ ਦੇ ਟੋਲੇ ਨੇ ਸਾਡੇ ਪਿੰਡ ਦੇ ਮੁਸਲਮਾਨਾਂ 'ਤੇ ਹਮਲਾ ਕਰਨਾ ਚਾਹਿਆ ਪਰ ਪਿਤਾ ਜੀ ਤੇ ਕੁਝ ਬੰਦਿਆਂ ਨੇ ਉਨ੍ਹਾਂ ਨੂੰ ਆਪਣੇ ਪਿੰਡ ਦੀ ਇੱਜ਼ਤ 'ਤੇ ਹੱਥ ਨਾ ਚੁੱਕਣ ਦਿੱਤਾ ਤੇ ਪੂਰੀ ਸੁਰੱਖਿਆ ਨਾਲ ਖਰੜ ਕੈਂਪ ਜਾ ਪੁਜਾਇਆ। ਮੇਰੇ ਪਿੰਡ ਦੇ ਲੋਕਾਂ ਨੇ ਕਿਸੇ ਵੀ ਮੁਸਲਮਾਨ ਦਾ ਲਹੂ ਡੁੱਲ੍ਹਣ ਨਹੀਂ ਦਿੱਤਾ। ਇਸ ਘਟਨਾ ਨੂੰ ਮੇਰੇ ਪਿੰਡ ਵਿੱਚ ਮੁੜ ਆ ਵਸੇ ਮੁਸਲਮਾਨ ਅਜੇ ਵੀ ਯਾਦ ਕਰ ਲੈਂਦੇ ਹਨ। ਪਿੰਡ ਵਿੱਚ ਸਭ ਤੋਂ ਬਿਰਧ ਮੁਸਲਮਾਨ 'ਬਸ਼ੀਰਾਂ-ਮਾਈ' ਸੰਤਾਲੀ ਦੀ ਵੰਡ ਦਾ ਆਪਣੇ ਪਿੰਡੇ 'ਤੇ ਹੰਢਾਇਆ ਸੰਤਾਪ ਦੱਸਦੀ-ਦੱਸਦੀ ਗੱਚ

ਭਰ ਲੈਂਦੀ। ਉਸਦਾ ਸਾਰਾ ਪਰਿਵਾਰ ਇੱਧਰ ਵਸ ਰਿਹਾ ਹੈ ਪ੍ਰੰਤੂ ਉਸ ਦੀ ਇੱਕੋ-ਇੱਕ ਲੜਕੀ 'ਸ਼ਰੀਫਨ ਬੇਗਮ' ਪਾਕਿਸਤਾਨ ਵਿੱਚ ਰਹਿ ਰਹੀ ਹੈ। ਉਸਦਾ ਚਲੇ ਜਾਣ ਦਾ ਵਿਛੋੜਾ ਉਸ ਦੇ ਹੱਡਾਂ ਵਿੱਚ ਰਚ ਗਿਆ। ਮੈਂ ਆਪਣੇ ਬਚਪਨ 'ਚ ਅੱਖੀਂ ਡਿੱਠਾ ਤੇ ਕੰਨੀਂ ਸੁਣਿਆ ਇਹ ਸਾਕਾ ਕਦੇ ਭੁੱਲ ਨਾ ਸਕਿਆ।

ਮਨਮੋਹਨ ਸਿੰਘ ਦਾਊਂ
ਮੋ. 98151-23900



ਭਾਵੇਂ ਮੂੰਹੋਂ ਨਾ ਕਹੀਏ ਪਰ ਵਿੱਚੋਂ ਵਿਚੀ
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਹਾਂ,
ਇਨ੍ਹਾਂ ਅਜ਼ਾਦੀਆਂ ਹੱਥੋਂ ਬਰਬਾਦ ਯਾਰੋ
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਹਾਂ।

– ਉਸਤਾਦ ਦਾਮਨ

# ਫ਼ਰਿਸ਼ਤੇ ਵਰਗਾ ਮਨੁੱਖ

17 ਅਗਸਤ, 1989 ਦਾ ਦਿਨ। ਭਾਰਤ ਨੂੰ ਆਜ਼ਾਦੀ ਮਿਲਣ ਵਾਲਾ ਮਹੀਨਾ। ਸਵੇਰੇ-ਸਵੇਰੇ, ਮੈਂ ਡਿਊਟੀ 'ਤੇ ਜਾਣ ਲਈ ਤਿਆਰ ਹੋ ਰਿਹਾ ਹਾਂ। ਬੂਹੇ 'ਤੇ ਦਸਤਕ ਹੁੰਦੀ ਹੈ।

ਮੈਂ ਬੂਹਾ ਖੋਲ੍ਹਦਾ ਹਾਂ। ਇੱਕ ਪੇਂਡੂ ਬਜ਼ੁਰਗ, ਮੈਥੋਂ ਮੇਰੇ ਪਿਤਾ ਜੀ ਬਾਰੇ ਪੁੱਛਣ ਲੱਗਦਾ ਹੈ। ਮੈਂ ਉਸਦਾ ਨਾਂ ਤੇ ਨਹੀਂ ਜਾਣਦਾ, ਪਰ ਉਸ ਬਜ਼ੁਰਗ ਨੂੰ ਗੁਆਂਢੀ ਪਿੰਡ ਦਾ ਹੋਣ ਕਰਕੇ ਪਛਾਣ ਲੈਂਦਾ ਹਾਂ। ਮੈਂ, ਉਸਨੂੰ ਸਤਿ ਸ੍ਰੀ ਅਕਾਲ ਬੁਲਾਉਂਦਾ ਹਾਂ। ਉਹ ਆਪਣੀ ਖੂੰਡੀ ਦੇ ਸਹਾਰੇ ਮੇਰੀ ਨਮਸਕਾਰ ਦਾ ਉੱਤਰ ਦੇਂਦਾ ਹੈ। ਮੇਰੇ ਪਿਤਾ ਜੀ ਕਿਸੇ ਕੰਮ ਸ਼ਹਿਰ ਗਏ ਹੁੰਦੇ ਨੇ। ਦਰਅਸਲ ਉਹ ਬਜ਼ੁਰਗ ਪਿਤਾ ਜੀ ਨਾਲ ਆਪਣੇ ਪੁਰਾਣੇ ਮੋਹ ਨੂੰ ਸਾਂਝਾ ਕਰਨ ਆਇਆ ਹੈ।

ਮੈਂ ਬਜ਼ੁਰਗ ਨੂੰ ਅੰਦਰ ਲੈ ਆਉਂਦਾ ਹਾਂ ਤੇ ਬੈਠਕ ਵਿੱਚ ਬਿਠਾ ਲੈਂਦਾ ਹਾਂ। ਉਸਦੀ ਉਮਰ, ਉਸਦੀ ਸਫ਼ੈਦ ਦਾੜ੍ਹੀ ਤੋਂ ਸੱਤਰਾਂ ਤੋਂ ਵੱਧ ਜਾਪਦੀ ਹੈ। ਮੈਥੋਂ ਉਹ ਘਰ ਦੀ ਖ਼ਬਰ-ਸਾਰ ਪੁੱਛਣ ਲੱਗਦਾ ਹੈ। ਉਸਨੂੰ ਥੋੜ੍ਹਾ ਉੱਚਾ ਸੁਣਦਾ ਹੈ। ਮੈਨੂੰ ਜ਼ਰਾ ਜ਼ੋਰ ਦੇ ਕੇ ਬੋਲਣਾ ਪੈਂਦਾ ਹੈ। ਮੈਂ ਉਸਦੀ ਸਫ਼ੈਦ ਪੁਸ਼ਾਕ ਵੱਲ ਧਿਆਨ ਕਰਦਾ ਹਾਂ। ਗੱਲਾਂ ਹੁੰਦੀਆਂ ਹਨ। ਉਹ ਬਾਰ-ਬਾਰ ਰੱਬ ਦਾ ਸ਼ੁਕਰ ਕਰਦਾ ਹੈ।

"ਵਧੀਆ ਲੰਘ ਗਈ। ਬੱਸ ਹੁਣ ਤਾਂ ਥੋੜ੍ਹੀ ਜਿਹੀ ਰਹਿ ਗਈ। ਉਹ ਵੀ ਲੰਘ ਜਾਣੀ ਐਂ।... ਪਰ ਸਾਊ, ਹੁਣ ਉਹ ਜ਼ਮਾਨੇ ਨਹੀਂ ਰਹੇ।"

ਮੈਂ ਵਿੱਚੋਂ ਹੀ ਟੋਕ ਕੇ ਚਾਹ-ਪਾਣੀ ਬਾਰੇ ਪੁੱਛਦਾ ਹਾਂ।

"ਸਭ ਕੁਝ ਛਕਿਆ ਹੋਇਆ ਹੈ। ਬੱਸ, ਜੀਅ ਕੀਤਾ, ਚਲੋ। ਤੁਹਾਡੇ ਪਿਤਾ ਜੀ ਨੂੰ ਹੀ ਮਿਲ ਚੱਲਾਂ। ਹੁਣ ਤਾਂ ਬਾਹਰ ਤੁਰਨ-

ਫਿਰਨ ਦਾ ਵਕਤ ਨਹੀਂ ਰਿਹਾ। ਹੁਣ ਉਮਰ ਵੀ ਜੁਆਬ ਦੇਂਦੀ ਜਾਪਦੀ ਹੈ।"

"ਚਲੋ, ਚਾਹ ਤਾਂ ਜ਼ਰੂਰ ਪੀ ਲਾਂਗਾ। ਬੱਸ, ਪਾਈਆ ਕੁ।" ਬਜ਼ੁਰਗ ਅੱਗੋਂ ਬੋਲਦਾ ਹੈ। ਢਿਲਕੀ ਹੋਈ ਪਗੜੀ ਤੇ ਢਿੱਲੀ ਜਿਹੀ ਦਾੜ੍ਹੀ ਦੀ ਗੁੱਟੀ ਤੋਂ ਉਸਦੀ ਸਾਦਗੀ ਸਪਸ਼ਟ ਜਾਪਦੀ ਹੈ। ਉਸਦੇ ਚਿਹਰੇ ਦੀਆਂ ਝੁਰੜੀਆਂ, ਮੈਨੂੰ ਕੁਝ ਹੋਰ ਵੀ ਡੂੰਘੀਆਂ ਜਾਪਣ ਲੱਗਦੀਆਂ ਹਨ।

ਮੈਨੂੰ ਡਿਊਟੀ 'ਤੇ ਜਾਣ ਦੀ ਕਾਹਲ ਭੁੱਲ ਜਾਂਦੀ ਹੈ। ਘਰ ਆਏ ਬੰਦੇ ਦੀ ਮਹਿਮਾਨ-ਨਿਵਾਜ਼ੀ ਕਰਨੀ, ਮੈਂ ਜ਼ਰੂਰੀ ਸਮਝਦਾ ਹਾਂ।

ਅਸੀਂ ਦੋਵੇਂ ਗੱਲਾਂ ਵਿੱਚ ਰਚ-ਮਿਚ ਜਾਂਦੇ ਹਾਂ। ਪਿੰਡ ਦੇ ਕਈ ਬੰਦਿਆਂ ਬਾਰੇ ਗੱਲਾਂ ਹੁੰਦੀਆਂ ਹਨ।

ਏਨੇ ਨੂੰ ਮੇਰੀ ਬੇਟੀ ਪਾਣੀ ਦਾ ਗਲਾਸ ਲਿਆ ਧਰਦੀ ਹੈ। ਪਾਣੀ ਪੀਣ ਪਿੱਛੋਂ ਉਹ ਗੱਲ ਤੋਰੀਂ ਰੱਖਦਾ ਹੈ। ਆਪਣੇ ਪੁੱਤ-

ਪੋਤਿਆਂ ਦੀਆਂ ਗੱਲਾਂ ਕਰਨ ਲੱਗਦਾ ਹੈ। ਉਹਨਾਂ ਵੱਲੋਂ ਕੀਤੀ ਜਾਂਦੀ, ਸੇਵਾ ਤੋਂ ਉਹ ਪੂਰਾ ਸੰਤੁਸ਼ਟ ਜਾਪਦਾ ਹੈ।

"ਬਜ਼ੁਰਗੋ, ਚੰਗੇ ਕਰਮਾਂ ਵਾਲੇ ਹੋ। ਨਹੀਂ ਤਾਂ ਅੱਜ ਕੱਲ੍ਹ ...।" ਮੈਂ ਕਹਿਣ ਲੱਗਦਾ ਹਾਂ।

"ਹੁਣ ਤਾਂ ਸਾਊ, ਉਹ ਬੰਦੇ ਹੀ ਨਹੀਂ ਰਹੇ।... ਮੋਹ-ਮੁਹੱਬਤਾਂ ਵੀ ਮੁੱਕ ਗਈਆਂ।"

ਬਜ਼ੁਰਗ ਦੇ ਬੋਲਾਂ 'ਚੋਂ ਜਿਵੇਂ ਇੱਕ ਹੂਕ ਜਿਹੀ ਨਿਕਲਦੀ ਹੈ।

"ਧਰਮੀ ਬੰਦੇ ਕਦੇ ਖ਼ਤਮ ਨਹੀਂ ਹੁੰਦੇ। ਨੇਕੀ ਤੇ ਬਦੀ ਧੁਰੋਂ ਹੀ ਚਲੀ ਆਈ ਹੈ।" ਮੈਂ ਜਿਵੇਂ ਉਸਦੇ ਦਿਲ ਦੀ ਗੱਲ ਬੋਲ ਲੈਂਦਾ ਹਾਂ।

ਏਨੇ ਨੂੰ ਮੇਰੀ ਘਰਵਾਲੀ ਚਾਹ ਲਿਆ ਧਰਦੀ ਹੈ। ਅਸੀਂ ਚਾਹ ਪੀਣ ਲੱਗਦੇ ਹਾਂ। ਬਿਰਧ ਹੁੰਦੇ ਹੋਏ ਵੀ ਉਸਦੀਆਂ ਅੱਖਾਂ ਦੀ ਜੋਤ ਕਾਫ਼ੀ ਕਾਇਮ ਲੱਗਦੀ ਹੈ।

ਗੱਲਾਂ-ਗੱਲਾਂ 'ਚੋਂ ਪੰਜਾਬ ਦੇ ਹਾਲਾਤ ਤੋਂ ਗੱਲ 1947 ਦੀ ਵੰਡ ਬਾਰੇ ਛਿੜ ਜਾਂਦੀ ਹੈ।

"ਸਾਊ, ਸ਼ਾਇਦ ਤੈਨੂੰ ਦੱਸਿਆ ਹੋਊ, ਤੇਰੇ ਪਿਤਾ ਨੇ...।"

ਮੈਂ ਪੁੱਛਣ ਹੀ ਲੱਗਦਾ ਹਾਂ। "ਕੀ... ?"

"ਸੁਣ! ਤੁਹਾਡੇ ਦਾਊਂ ਪਿੰਡ ਦੇ ਮੁਸਲਮਾਨਾਂ ਨੂੰ ਜਦ ਛੱਡਣ ਗਏ ਖੈੜ ਕੈਂਪ 'ਚ ਸੰਨ ਸੰਤਾਲੀ 'ਚ ਤਾਂ ਇੱਕ ਟੋਲੇ ਨੇ ਉਹਨਾਂ ਨੂੰ ਦੇਸੂਮਾਜਰੇ ਪਿੰਡ ਕੋਲ ਘੇਰ ਲਿਆ। ਕਹਿੰਦੇ, ਅਸੀਂ ਨੀਂ ਸੁੱਕੇ ਜਾਣ ਦੇਣੇ ਮੁਸਲੇ ਟੁੱਕਣੇ ਐਂ, ਟੁੱਕਣੇ! ਅਸੀਂ ਤਾਂ। ਦੱਸਦੇ ਐਂ ਪਈ ਤੇਰੇ ਪਿਤਾ ਨੇ ਬੜੀ ਦਲੇਰੀ ਕੀਤੀ। ਸਭ ਦੇ ਅੱਗੇ ਖੜ੍ਹੋ ਗਿਆ। ਲਓ! ਪਹਿਲਾਂ ਮੈਨੂੰ ਮਾਰੋ। ਕਹਿਣ ਲੱਗਾ ਮੈਂ ਆਪਣੇ ਸਾਹਮਣੇ ਕੁਝ ਨਹੀਂ ਹੋਣ ਦੇਣਾ। ਮੇਰੇ ਪਿੰਡ ਦੀ ਇੱਜ਼ਤ ਐ ਏਹ। ਬੱਸ, ਮੌਕਾ ਸੀ ਸਾਊ। ਸਾਂਭਿਆ ਗਿਆ। ਸਭ ਦੀ ਰਹਿ ਗਈ। ਕਿਸੇ ਦਾ ਵਾਲ ਵਿੰਗਾ ਨਹੀਂ ਹੋਣ ਦਿੱਤਾ। ਸਭ ਨੂੰ ਠੀਕ-ਠਾਕ ਖੈੜ ਪੁਚਾਤਾ।"

"ਬਜ਼ੁਰਗੋ, ਮੈਨੂੰ ਉਦੋਂ ਦੀ ਸੋਝੀ ਐ। ਕਈ ਗੱਲਾਂ ਮੈਨੂੰ ਹੁਣ ਵੀ ਯਾਦ ਐ", ਮੈਂ ਹੁੰਗਾਰਾ ਭਰਦਾ ਹਾਂ।

"ਅੱਛਾ, ਅੱਛਾ" ਬਜ਼ੁਰਗ ਸਿਰ ਹਿਲਾਉਂਦਾ ਹੈ।

"ਕੋਈ ਹੋਰ ਘਟਨਾ ਦੱਸੋ ?" ਮੈਂ ਪੁੱਛਣ ਲਈ ਉਤਾਵਲਾ ਹੁੰਦਾ ਹਾਂ।

"ਪਤਾ ਨੀਂ, ਰੱਬ ਤਾਂਹੀਓਂ ਦਿਆਲ ਹੈ। ਲੈ ਸੁਣ, ਤੈਨੂੰ ਹੱਲਿਆਂ ਦੀ ਸੱਚੀ ਘਟਨਾ ਦੱਸਾਂ। ਔਹ, ਤੁਹਾਡੇ ਪਿੰਡ ਦੇ ਬੰਨੇ 'ਤੇ ਸੀਂਹਪੁਰ ਵਾਲੀ ਥਾਂ... ਕੱਲਰਾਂ ਵਾਲੀ। ਉੱਥੇ ਆਪਣੇ ਇਲਾਕੇ ਦੇ ਮੁਸਲਮਾਨ ਹੀ ਵੱਢੇ-ਟੁੱਕੇ ਪਏ। ਕਿਸੇ ਦੀ ਟੰਗ, ਕਿਸੇ ਦੀ ਬਾਂਹ, ਕਿਸੇ ਦੀ ਖੋਪੜੀ, ਕਿਸੇ ਦਾ ਧੜ। ਤੀਵੀਆਂ ਦੀਆਂ ਗੁੱਤਾਂ, ਨੰਗੀਆਂ ਛਾਤੀਆਂ, ਕਿਤੇ ਕੋਈ ਬੱਚਾ। ਬੜਾ ਕਤਲੇ-ਆਮ ਹੋਇਆ ਉੱਥੇ। ਕਿਆ ਹਿਸਾਬ ਰਿਹਾ ਲਹੂ ਦਾ। ਲਹੂ ਦੇ ਛੱਪੜ ਦੇਖਕੇ ਭੈਅ ਆਇਆ। ਲਾਸ਼ਾਂ ਦੇ ਢੇਰ ਹੀ ਢੇਰ। ਸਭ ਕੁਝ ਅੱਖੀਂ ਦੇਖਿਆ...।"

ਇੱਕ ਦਿਨ ਅਸੀਂ ਕਈ ਜਣੇ ਉੱਥੇ ਮੁਸਲਮਾਨਾਂ ਨੂੰ ਦੇਖਣ ਚਲੇ ਗਏ। ਬਜ਼ੁਰਗ ਬੋਲਦਾ-ਬੋਲਦਾ ਰੁੱਕ ਜਾਂਦਾ ਹੈ। ਮੈਂ ਬਹੁਤ ਗੰਭੀਰ ਹੋ ਜਾਂਦਾ ਹਾਂ। ਮੈਥੋਂ ਹੁੰਗਾਰਾ ਵੀ ਭਰਿਆ ਨਹੀਂ ਜਾਂਦਾ। ਅੱਖੀ ਡਿੱਠੀ ਘਟਨਾ ਬਾਰੇ ਦੱਸਣ ਲੱਗਦਾ ਹੈ।

"ਕਹਿਰ ਦਾ ਦਿਨ। ਸਤਾਰ੍ਹਾਂ ਕੁ ਸਾਲ ਦੀ ਇੱਕ ਮੁਟਿਆਰ ਲਾਸ਼ਾਂ ਦੇ ਢੇਰ ਥੱਲੇ ਪਈ ਤੜਪੇ, ਜ਼ਖ਼ਮੀ ਛੱਪੜੀ 'ਚ ਲਹੂ ਨਾਲ ਲੱਥ-ਪੱਥ ਹੋਈ। ਬੇਹੋਸ਼, ਬੜੀ ਸੁਨੱਖੀ ਪੇਟ 'ਚ ਉਸਦੇ ਬੱਚਾ। ਬਰਛੇ ਦੇ ਪੱਛ ਉਸਦੀ ਵੱਖੀ 'ਚ ਧੁਰ ਤੱਕ, ਪਾਣੀ ਨੂੰ ਤਰਸੇ।"

ਸੁਣਦੇ-ਸੁਣਦੇ ਮੈਂ ਲੰਮਾ ਹੌਕਾ ਭਰਦਾ ਹਾਂ।

"ਹਾਲਤ ਦੇਖੀ ਨਾ ਜਾਵੇ। ਛੱਪੜੀ 'ਚੋਂ ਉਸਨੇ ਗਾਰਾ ਚੂਸ-ਚੂਸ ਬੁੱਲ੍ਹ ਲਬੇੜੇ ਹੋਏ। ਕਈ ਦਿਨਾਂ ਤੋਂ ਭੁੱਖਣ-ਭਾਣੀ। ਜਬਰ ਤੋਂ ਇੱਜ਼ਤ ਬਚਾਉਂਦੀ। ਬੇਵੱਸ ਹੋਈ, ਮਾਰਨ ਵਾਲੇ ਤਾਂ ਉਸਨੂੰ ਮਾਰ ਗਏ..."

"ਮੈਂ ਉਸਨੂੰ ਪਛਾਣ ਲਿਆ। ਸਾਡੇ ਗੁਆਂਢੀ ਪਿੰਡ ਬਹਿਲੋਲਪੁਰ ਦੇ ਮੁਸਲਮਾਨ ਜੁਲਾਹੇ ਸੈਨ ਬਖ਼ਸ਼ ਦੀ ਧੀ... ਸ਼ਰੀਫ਼ਨ (ਬਿਛੂਆ)। ਬਾਤਣ ਮੁਸਲਮਾਨਣੀ ਦੀ ਬੇਟੀ। ਬੜੀ ਜੁਆਨ ਸੁਥਰੀ ਡੀਲ-ਡੌਲ ਵਾਲੀ।"

ਮੈਂ ਕਹਾਣੀ ਸੁਣਦਾ-ਸੁਣਦਾ ਪਸੀਜ ਜਾਂਦਾ ਹਾਂ। ਬਜ਼ੁਰਗ ਦੀਆਂ ਅੱਖਾਂ ਅੱਗੇ ਦਰਦਨਾਕ ਦ੍ਰਿਸ਼ ਘੁੰਮਣ ਲੱਗਦਾ ਹੈ। ਮੈਨੂੰ ਇੰਝ ਮਹਿਸੂਸ ਹੁੰਦਾ ਹੈ।

"ਸੈਨ ਬਖ਼ਸ਼ ਬੜਾ ਮੁਹੱਬਤੀ ਮੇਰਾ ਲਿਹਾਜ਼ੀ, ਤਕੜੇ ਘਰ ਵਾਲਾ, ਬੰਨੇ-ਚੰਨੇ ਪੂਰਾ ਦਬ-ਦਬਾਅ ਉਸਦਾ। ਸਾਡੀ ਚੰਗੀ ਜਾਣ-ਪਛਾਣ ਪਰ ਸਮੇਂ ਦੀ ਜ਼ਾਲਮ ਨ੍ਹੇਰੀ ਬੰਦੇ ਨੂੰ ਕੱਖ-ਕਾਨਿਆਂ ਤੋਂ ਵੀ ਹੌਲਾ ਕਰ ਦੇਂਦੀ ਐ। ਮੈਨੂੰ ਸੈਨ ਬਖ਼ਸ਼ ਦੀ ਮੁਲਾਹਜੇਦਾਰੀ ਨੇ ਝੰਜੋੜ ਸੁੱਟਿਆ। ਮੈਂ ਅੰਦਰੋਂ ਹਿੱਲ ਗਿਆ। ਮੇਰੇ ਸਾਥੀ ਵੀ ਹੈਰਾਨ ਹੋਣ...।"

ਮੈਨੂੰ ਲੱਗਿਆ ਜਿਵੇਂ ਬਜ਼ੁਰਗ ਦਾ ਗਲਾ ਭਰ ਆਇਆ ਹੋਵੇ।

"ਸਾਊ, ਮੈਂ ਦਿਲ ਕੈੜਾ ਕੀਤਾ। ਮੈਂ ਆਪਣੀ ਧੋਤੀ ਅੱਧ-ਨੰਗੀ ਸ਼ਰੀਫ਼ਨ ਉੱਤੇ ਦਿੱਤੀ। ਲੋਥ ਸਮਝ ਕਿਵੇਂ ਨਾ ਕਿਵੇਂ ਮੈਂ ਉਸਨੂੰ ਚੁੱਕਿਆ ਤੇ ਆਪਣੇ ਘਰ ਲੈ ਆਇਆ। ਕੱਪੜੇ ਲਹੂ ਨਾਲ ਲਿਬੜ ਗਏ। ਰਸਤੇ ਵਿੱਚ ਹਮਲੇ ਦਾ ਡਰ ਪਰ ਸ਼ੁਕਰ ਰੱਬ ਦਾ ਕੋਈ ਮੰਦੀ ਗੱਲ ਨਾ ਹੋਈ...।"

"ਘਰ ਲਿਆ ਕੇ ਮੈਂ ਸ਼ਰੀਫ਼ਨ ਨੂੰ ਪਿਛਲੀ ਕੋਠੜੀ ਵਿੱਚ ਮੰਜੇ 'ਤੇ ਲਿਟਾ ਦਿੱਤਾ ਤਾਂ ਜੋ ਕਿਸੇ ਨੂੰ ਸੂਹ ਨਾ ਲੱਗੇ। ਫ਼ਿਕਰ ਇਹ ਸੀ ਕਿ ਕਿਤੇ ਮਰ ਨਾ ਗਈ ਹੋਵੇ। ਪਰ ਸਾਹ ਚੱਲਦਾ ਰਿਹਾ। ਮੇਰੀ ਘਰਵਾਲੀ ਨੇ ਸ਼ਰੀਫ਼ਨ ਦੀ ਮੱਲ੍ਹਮ-ਪੱਟੀ ਕੀਤੀ। ਦੁੱਧ ਪਿਲਾਇਆ ਢਾਰਸ ਦਿੱਤੀ ਤੇ ਕਿੰਨੀ ਦੇਰ ਉਸ ਕੋਲ ਬੈਠੀ ਰਹੀ।"

"ਮਨੁੱਖ ਦੀ ਹਮਦਰਦੀ ਦਾ ਲਹੂ ਬੜਾ ਗਾੜ੍ਹਾ ਹੁੰਦਾ ਹੈ" ਮੇਰੇ ਮੂੰਹੋਂ ਨਿਕਲਦਾ ਹੈ।

"ਰਾਤ ਹੋਈ ਚੋਰੀ-ਚੋਰੀ ਮੈਂ ਪਿੰਡ 'ਚੋਂ ਕਿਰਪੋ ਦਾਈ ਨੂੰ ਬੁਲਾ ਲਿਆਂਦਾ। ਨ੍ਹੇਰੇ-ਨ੍ਹੇਰੇ ਉਹ ਆਈ। ਬੜੀ ਸਿਆਣੀ ਸੀ, ਕਿਰਪੋ। ਮੇਰੀ ਘਰਵਾਲੀ ਕੋਲ ਰਹੀ। ਸਾਂਭ-ਸੰਭਾਲ ਕੀਤੀ। ਬੱਚਾ ਤਾਂ ਖ਼ਰਾਬ ਹੋ ਗਿਆ ਪਰ ਸ਼ਰੀਫ਼ਨ ਬਚ ਗਈ। ਮੈਂ ਰੱਬ ਦਾ ਸ਼ੁਕਰ ਕੀਤਾ।"

"ਧੰਨ" ਮੇਰੇ ਮੂੰਹੋਂ ਏਨਾ ਹੀ ਨਿਕਲਦਾ ਹੈ।

"ਸ਼ਰੀਫ਼ਨ ਮੇਰੇ ਘਰ ਕਈ ਮਹੀਨੇ ਰਹੀ। ਮੈਂ ਉਸਨੂੰ ਧੀ ਬਣਾ ਕੇ ਰੱਖਿਆ। ਹੱਲੇ-ਗੁੱਲੇ ਲੰਘ ਗਏ। ਲੋਕਾਂ ਨੂੰ ਭਿਣਕ ਪੈ ਗਈ। ਕਈਆਂ ਨੇ ਮੇਰੇ 'ਤੇ ਊਝਾਂ ਵੀ ਲਾਈਆਂ। ਬੜਾ ਕੁੱਝ ਸਹਿਆ, ਭਾਈ ਮੈਂ।"

ਮੈਂ ਬਜ਼ੁਰਗ ਨੂੰ ਝਿਜਕਦੇ-ਝਿਜਕਦੇ ਉਸਦਾ ਨਾਂ ਪੁੱਛਦਾ ਹਾਂ।

"'ਗੁਰਦਿਆਲ ਸਿਉਂ। ਸਿੰਘਾਂ ਦਾ ਘਰ, ਰਾਏਪੁਰ ਵਾਲਾ।"

"ਉਮਰ ਕਿੰਨੀ ਕੁ ਹੋ ਗਈ ?" ਮੈਂ ਦੂਜਾ ਪ੍ਰਸ਼ਨ ਪੁੱਛਦਾ ਹਾਂ।

"ਅੱਸੀਆਂ ਤੋਂ ਉੱਤੇ।"

ਮੈਂ ਅੰਦਾਜ਼ਾ ਲਾਉਂਦਾ ਹਾਂ ਕਿ ਉਦੋਂ ਬਜ਼ੁਰਗ ਦੀ ਉਮਰ ਪੈਂਤੀ ਕੁ ਸਾਲ ਦੀ ਹੋਵੇਗੀ। ਭਰ ਜੁਆਨੀ ਵਾਲੀ। ਕਈ ਪ੍ਰਸ਼ਨ ਮੇਰੀ ਸੋਚ ਨੂੰ ਟੁੰਬਦੇ ਨੇ।

"ਅੱਗੇ ਕੀ ਹੋਇਆ ?" ਮੈਂ ਪੁੱਛਦਾ ਹਾਂ।

"ਕਈਆਂ ਨੇ ਮੁਸਲਮਾਨ ਔਰਤਾਂ ਨੂੰ ਹਿੰਦੂ ਜਾਂ ਸਿੱਖ ਬਣਾ ਕੇ ਰੱਖ ਲਿਆ। ਕਈਆਂ ਨੇ ਹੋਰਾਂ ਤੋਂ ਮੁੱਲ ਖਰੀਦ ਲਈਆਂ। ਸ਼ਰੀਫ਼ਨ ਬਾਰੇ ਵੀ ਮੇਰੇ ਕੋਲ ਬਹੁਤ ਫ਼ਰਮਾਇਸ਼ਾਂ ਆਈਆਂ। ਕਈ ਕਹਿੰਦੇ ਇਸ ਦੀ ਸਾਂਭ-ਸੰਭਾਲ ਦਾ ਜੋ ਖਰਚ ਆਇਆ ਏ, ਲੈ-ਲੈ। ਹੋਰ ਵੱਧ ਲੈਣਾ ਤਾਂ ਦੱਸ।"

"ਭਲਾ ਆਪਣੀ ਧੀ ਨੂੰ ਕੋਈ ਕਿਵੇਂ ਵੇਚ ਸਕਦੈ ?" ਮੇਰੇ ਮੂੰਹੋਂ ਨਿਕਲਦਾ ਹੈ।

"ਸਾਊ, ਸਾਡਾ ਘਰ ਤਕੜਾ ਸੀ। ਕਈ ਜੱਥੇ ਸਾਡੇ ਪਿੰਡ ਆਏ ਪਰ ਸ਼ਰੀਫ਼ਨ ਨੂੰ ਚੁੱਕ ਕੇ ਲੈ ਜਾਣ ਦੀ ਕਿਸੇ ਦੀ ਹਿੰਮਤ ਨਾ ਪਈ। ਸਾਡੇ ਘਰ ਨੂੰ ਅੱਗ ਲਾਉਣ ਤੱਕ ਦਾ ਡਰਾਵਾ ਵੀ ਦਿੱਤਾ ਗਿਆ। ਪਿੰਡਾਂ ਦੀਆਂ ਤਲਾਸ਼ੀਆਂ ਹੋਣ ਲੱਗ ਪਈਆਂ, ਰੱਖੀਆਂ ਹੋਈਆਂ ਮੁਸਲਮਾਨ ਔਰਤਾਂ ਨੂੰ ਪਾਕਿਸਤਾਨ ਭੇਜਣ ਲਈ।"

"ਸਾਨੂੰ ਤਾਂ ਸ਼ਰੀਫ਼ਨ ਦਾ ਨਾਂ ਬਦਲਣਾ ਪਿਆ। ਸੋਚ-ਸੋਚ ਕੇ ਨਸੀਬ ਕੁਰ ਰੱਖ ਦਿੱਤਾ। ਹੁਣ ਉਸਨੂੰ ਸਾਰੇ ਨਸੀਬ ਕੁਰ ਕਹਿ ਕੇ ਬੁਲਾਉਂਦੇ। ਇਸੇ 'ਚ ਭਲਾ ਸੀ। ਸ਼ਰੀਫ਼ਨ (ਨਸੀਬ ਕੌਰ) ਮੇਰਾ ਲੱਖ-ਲੱਖ ਸ਼ੁਕਰ ਕਰਦੀ। ਕਦੇ ਮੇਰੇ ਗਲ ਲਾਲ ਚਿੰਬੜ ਕੇ ਭੁੱਬਾਂ ਮਾਰਦੀ। ਮੈਥੋਂ ਦੁੱਖ ਝੱਲਿਆ ਨਾ ਜਾਂਦਾ।

ਕਈ ਵਾਰ ਮੈਂ ਉਸਨੂੰ ਪਾਕਿਸਤਾਨ ਜਾਣ ਬਾਰੇ ਵੀ ਪੁੱਛਿਆ।

"ਬਾਪੂ! ਪਾਕਿਸਤਾਨ ਜਾ ਕੇ ਮੈਂ ਕੀ ਲੈਣਾ? ਮੇਰਾ ਉੱਥੇ ਕੌਣ ਐ? ਹੁਣ ਤਾਂ ਤੁਸੀਂ ਹੀ ਮੇਰੇ ਸਭ ਕੁੱਝ ਹੋ" ਨਸੀਬ ਕੌਰ ਧਾ ਮਾਰ ਕੇ ਰੋਂਦਿਆਂ ਕਹਿੰਦੀ।

"ਉਸਦੇ ਪਰਿਵਾਰ ਦਾ ਕੋਈ ਵੀ ਜੀਅ ਜਿਉਂਦਾ ਨਾ ਰਿਹਾ। ਦੱਸਦੀ ਹੁੰਦੀ ਸੀ ਕਿ ਮਾਂ ਤਾਂ ਬੀਮਾਰੀ ਨਾਲ ਮਰ ਗਈ ਸੀ। ਅੱਬਾ ਜਾਨ ਹੱਲਿਆਂ ਦੀ ਬਲੀ ਚੜ੍ਹ ਗਿਆ। ਸੱਤ ਭੈਣਾਂ ਦਾ ਭਰਾ ਤਾਂ ਕੋਈ ਨਹੀਂ ਸੀ। ਚਾਰ ਭੈਣਾਂ ਪਲੇਗ ਨੇ ਖਾ ਲਈਆਂ। ਛੋਟੀ ਭੈਣ ਮੇਰੇ ਸਾਹਮਣੇ ਦੁਸ਼ਟਾਂ ਨੇ ਵੱਢ ਸੁੱਟੀ। ਇੱਕ ਭੈਣ ਬੱਚਦੀ-ਬਚਾਉਂਦੀ ਪਾਕਿਸਤਾਨ ਧਕੇਲੀ ਗਈ। ਹੁਣ ਤਾਂ ਉਹ ਵੀ ਨਹੀਂ ਰਹੀ। ਵਿਚਾਰੀ ਦਾ ਕੁਨਬਾ ਹੀ ਖ਼ਤਮ ਹੋ ਗਿਆ। ਘਰਵਾਲਾ ਟੋਲੇ ਨੇ ਵੱਢ ਸੁੱਟਿਆ।"

"ਮਨੁੱਖ ਦੀ ਦਰਿੰਦਗੀ ਕਿੰਨੀ ਭਿਆਨਕ ਹੁੰਦੀ ਹੈ", ਮੈਂ ਸੋਚਣ ਲੱਗਦਾ ਹਾਂ।

"ਮੈਂ ਤੇ ਮੇਰੀ ਘਰਵਾਲੀ ਕਿੰਨੇ ਮਹੀਨੇ ਸ਼ਸ਼ੋਪੰਜ 'ਚ ਪਏ ਰਹੇ। ਕਰੀਏ ਤਾਂ ਕੀ ਕਰੀਏ ? ਖ਼ਾਨਦਾਨੀ ਬੰਦੇ ਨੂੰ ਬੜਾ ਕੁੱਝ ਸੋਚਣਾ ਪੈਂਦਾ ਹੈ।" ਬਜ਼ੁਰਗ ਇੱਕ ਲੰਮਾ ਸਾਹ ਲੈਂਦਾ ਹੈ। ਮੈਨੂੰ

ਇਉਂ ਲੱਗਦਾ ਹੈ ਜਿਵੇਂ ਬਜ਼ੁਰਗ ਦਾ ਅੰਦਰ ਰੋ ਪਿਆ ਹੋਵੇ। ਕੇਹੇ ਇਤਫ਼ਾਕ ਦੀ ਗੱਲ ਹੈ। ਪੂਰੇ ਬਤਾਲੀ ਸਾਲ ਪਹਿਲਾਂ ਦੀ ਘਟਨਾ। ਲੋਕਾਂ ਤੋਂ ਸੁਣੀ ਦੰਦ-ਕਥਾ ਅੱਜ ਮੈਂ ਇੱਕ ਅਸਲ ਪਾਤਰ ਕੋਲੋਂ ਹੱਡ-ਬੀਤੀ ਦੇ ਰੂਪ ਵਿੱਚ ਸੁਣ-ਸੁਣ, ਸੁੰਨ ਹੋਣ ਲੱਗਦਾ ਹਾਂ। ਬਜ਼ੁਰਗ ਅੱਗੇ ਦੱਸਣਾ ਸ਼ੁਰੂ ਕਰਦਾ ਹੈ।

"ਸਮਾਂ ਲੰਘਿਆ। ਠੰਢ-ਠੇਰ ਹੋ ਗਈ। ਇੱਕ ਦਿਨ ਸੰਤਾਂ ਸਿਉਂ ਟਰਾਂਸਪੋਰਟਰ, ਬੱਲੋਮਾਜਰਾ ਵਾਲਾ ਨਾਨਕੇ ਪਿੰਡ ਵਾਲਾ ਸਾਡੇ ਘਰ ਬੰਦੇ ਲੈ ਕੇ ਆ ਗਿਆ। ਮੈਂ ਗੱਲ ਤਾੜ ਗਿਆ। ਪਿੰਡ ਵਾਲਿਆਂ ਨੇ ਵੀ ਮੇਰੇ 'ਤੇ ਦਬਾਅ ਪਾਇਆ। ਭਾਈਚਾਰੇ ਦੀ ਗੱਲ ਮੋੜਨੀਂ ਵੀ ਔਖੀ। ਆਖ਼ਿਰ, ਨਸੀਬ ਕੁਰ ਦਾ ਰਿਸ਼ਤਾ ਮੈਨੂੰ ਸੰਤਾਂ ਸਿਉਂ ਦੇ ਸਾਲੇ ਨਾਲ ਕਰਨਾ ਪਿਆ। ਇੱਕ ਗੱਲੋਂ ਮੈਂ ਰੱਬ ਦਾ ਸ਼ੁਕਰ ਕੀਤਾ ਕਿ ਲੋੜਵੰਦ ਦੇ ਘਰ ਦੀਵਾ ਬਲਦਾ ਤਾਂ ਹੋਊ। ਕਿਤੇ ਨਾ ਕਿਤੇ ਤਾਂ ਉਹਨੂੰ ਬੈਠਾਲਣਾ ਹੀ ਪੈਣਾ ਸੀ।"

"ਧੀ ਕਿਸੇ ਦੀ ਵੀ ਹੋਵੇ ਜਦੋਂ ਬੂਹਿਓਂ ਉੱਠਦੀ ਆ, ਘਰ ਦੀਆਂ ਚੁਗਾਠਾਂ 'ਚੋਂ ਵੀ ਹੁਭ ਨਿਕਲਦੀ ਐ...।"

"ਧੀ ਨਸੀਬੋ ਦੀ ਖ਼ੈਰ-ਸੁੱਖ ਲੋੜੀ। ਸ਼ਗਨ ਪਾਇਆ। ਅਗਲੇ ਦਿਨ ਸੰਤਾਂ ਸਿਉਂ ਦੇ ਸਾਲੇ ਸਾਧੂ ਸਿੰਘ ਨਾਲ ਉਸਨੂੰ ਤੋਰ ਦਿੱਤਾ। ਹੋਰ ਚਾਰਾ ਵੀ ਕੀ ਸੀ ? ਕਿੰਨੇ ਹੀ ਦਿਨ ਘਰ ਭਾਂਅ-ਭਾਂਅ ਕਰਦਾ ਰਿਹਾ। ਕਿੰਨੇ ਹੀ ਦਿਨ ਮੇਰੀ ਘਰਵਾਲੀ ਦੇ ਅੱਥਰੂ ਨਾ ਸੁੱਕੇ।"

"ਸਾਧੂ ਸਿੰਘ ਦਾ ਹੱਥ ਤੰਗ ਸੀ ਪਰ ਬੰਦਾ ਬੜਾ ਚੰਗਾ ਨਿਕਲਿਆ। ਮੇਰੇ ਨਾਲ ਤੇ ਮੇਰੇ ਪੋਤਿਆਂ ਨਾਲ ਰਿਸ਼ਤੇਦਾਰਾਂ ਵਾਂਗ ਵਰਤਦਾ ਰਿਹਾ।"

"ਜੜ੍ਹ ਲੱਗ ਗਈ। ਹੁਣ ਤਾਂ ਉਸਦੇ ਘਰ ਮਿਹਰਾਂ ਨੇ। ਭਾਗ ਜਾਗ ਪਏ। ਦੋ ਲੜਕੇ ਤੇ ਇੱਕ ਲੜਕੀ ਐ, ਉਸ ਦੇ। ਲੜਕੀ ਤਾਂ ਆਪਣੇ ਘਰ ਬਾਰ ਐ। ਲੜਕਿਆਂ ਦੇ ਅੱਗੋਂ ਵੀ ਸੁੱਖ ਨਾਲ ਪਰਿਵਾਰ ਹੱਸਦਾ-ਵੱਸਦਾ ਹੈ। ਪੰਜ ਪੋਤਿਆਂ ਵਾਲੀ।"

ਸਾਧੂ ਸਿੰਘ ਤਾਂ ਹੁਣ ਬਿਰਧ ਹੋ ਗਿਆ ਹੋਣੈ" ਮੈਂ ਉਹਨੂੰ ਪੁੱਛ ਬੈਠਦਾ ਹਾਂ।

ਬਜ਼ੁਰਗ ਕੁੱਝ ਪਲ ਲਈ ਚੁੱਪ ਕਰ ਜਾਂਦਾ ਹੈ...।

"ਉਸਨੂੰ ਪੂਰੇ ਹੋਇਆਂ ਚਾਰ ਸਾਲ ਹੋ ਗਏ। ਇੱਕ ਛੋਟਾ ਲੜਕਾ ਵੀ ਪਿੱਛੇ ਜਿਹੇ ਮਰ ਗਿਆ। ਪੁੱਤ ਦਾ ਸਦਮਾ ਪਰ ਨਸੀਬ ਕੁਰ ਤਾਂ ਅਜੇ ਜਿਉਂਦੀ ਹੈ। ਤੁਰਦੀ-ਫਿਰਦੀ। ਚੰਗੀ ਸੋਭਾ ਵਾਲੀ। ਰਿਸ਼ਤੇਦਾਰੀਆਂ 'ਚ ਚੰਗੀ ਮਾਨਤਾ। ਕਮਾਈ ਵੀ ਚੰਗੀ ਆਉਂਦੀ। ਲੋਕੀਂ ਵੀ ਹੁਣ ਸਭ ਕੁੱਝ ਭੁੱਲ-ਭੁਲਾ ਗਏ।"

"ਬਜ਼ੁਰਗੋ, ਕਿਹੜੇ ਪਿੰਡ ਹੋਇਆ ਉਸਦਾ ਰਿਸ਼ਤਾ?" ਮੈਂ ਆਖ਼ਿਰ ਉਸਨੂੰ ਪੁੱਛਿਆ।

"ਆਹ ਪਿੰਡ ਧਨਾਸ... ਚੰਡੀਗੜ੍ਹ ਆਲਾ। ਭਾਈ ਹੁਣ ਤਾਂ ਉਹ ਪੰਚਾਇਤ ਦੀ ਮਿੰਬਰ ਐ। ਮਹਿਲਾ ਮੰਡਲ ਦੀ ਪ੍ਰਧਾਨ ਵੀ। ਹੁਣ ਤਾਂ ਉਸਦੀ ਰਸਾਈ ਬੜੀ ਦੂਰ-ਦੂਰ ਤੱਕ ਐ। ਰੂਰਲ

ਮਹਿਲਾ ਕਾਂਗਰਸ ਦੀ ਪ੍ਰਧਾਨ। ਦੱਸਦੀ ਸੀ ਕਿ ਦਿੱਲੀ-ਦੱਖਣ ਤੱਕ ਜਲਸਿਆਂ 'ਚ ਜਾ ਆਈ ਪਰ ਹੁਣ ਤਾਂ ਵਿਚਾਰੀ ਬਿਰਧ ਹੋ ਗਈ।"

"ਹੁਣ ਵੀ ਤੁਹਾਡਾ ਆਉਣ ਜਾਣ ਹੈ" ਮੈਂ ਪੁੱਛਦਾ ਹਾਂ।

"ਹਾਂ-ਹਾਂ ਪਿੱਛੇ ਜਿਹੇ ਸੁਨੇਹਾ ਆਇਆ ਨਸੀਬ ਕੁਰ ਦਾ। ਮੈਂ ਮਿਲ ਕੇ ਆਇਆਂ। ਮੇਰੇ ਨਾਲ ਤਾਂ ਮੁੰਡੇ ਮਾਮੇ-ਭਾਣਜੇ ਦੀ ਸਕੀਰੀ ਵਾਂਗ ਵਰਤਦੇ ਐਂ।"

ਮੈਨੂੰ ਲੱਗਦਾ ਹੈ ਜਿਵੇਂ ਬਜ਼ੁਰਗ ਦਾ ਦਿਲ ਗੱਲਾਂ ਕਰਕੇ ਹੌਲਾ ਹੋ ਗਿਆ ਹੋਵੇ। ਮੈਂ ਇੱਕ ਡੂੰਘਾ ਸਾਹ ਲੈਂਦਾ ਹਾਂ।


ਬਜ਼ੁਰਗ ਸ਼ਾਂਤ-ਚਿੱਤ ਹੋ ਜਾਂਦਾ ਹੈ। ਉਹ ਆਪਣੀ ਖੂੰਡੀ ਫੜਦਾ ਹੈ ਤੇ ਵਿਦਾ ਹੋਣ ਲੱਗਦਾ ਹੈ। ਆਪ ਮੁਹਾਰੇ ਮੈਂ ਬਜ਼ੁਰਗ ਦੇ ਪੈਰ ਛੂਹਣ ਲੱਗਦਾ ਹਾਂ। ਬਜ਼ੁਰਗ ਅਸੀਸਾਂ ਦੇ ਕੇ ਉੱਠਣ ਲੱਗਦਾ ਹੈ...।

"ਮੇਰੀ ਫ਼ਤਿਹ ਆਖੀਂ, ਆਪਣੇ ਪਿਤਾ ਨੂੰ। ਨਾਲੇ ਆਖੀਂ ਬਈ ਗੁਰਦਿਆਲ ਸਿਉਂ, ਰਾਏਪੁਰ ਵਾਲਾ ਮਿਲਣ ਆਇਆ ਸੀ।" ਬਜ਼ੁਰਗ ਇਹ ਕਹਿ ਕੇ ਤੁਰ ਪੈਂਦਾ ਹੈ।

ਮੈਨੂੰ ਇਹ ਇੱਕ ਅਲੌਕਿਕ ਘਟਨਾ ਜਾਪਣ ਲੱਗਦੀ ਹੈ। ਮੈਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਕੋਈ ਫ਼ਰਿਸ਼ਤੇ ਵਰਗਾ ਮਨੁੱਖ ਸਾਡੇ ਘਰ ਫੇਰੀ ਪਾ ਗਿਆ ਹੋਵੇ।

ਮੇਰਾ ਨਿਸ਼ਚਾ ਬਣਦਾ ਹੈ ਕਿ ਮਨੁੱਖਤਾ ਕਦੇ ਮਰਦੀ ਨਹੀਂ।... ਤੇ ਮੈਂ ਬੁੱਢੀ ਨਸੀਬ ਕੁਰ ਨੂੰ ਮਿਲਣ ਲਈ ਸੋਚਦਾ ਹਾਂ!!

❑



ਮਾਂ, ਨੀ ਮਾਂ! ਵੱਤ ਪੁੱਤਰਾਂ
ਗਾਣੀ ਮਾਂ ਦੇ ਮਹਿਲ ਉਜਾੜੇ,
ਮਾਂ, ਨੀ ਮਾਂ! ਵੱਤ ਵੀਰਾਂ ਆਪਣੇ
ਵੀਰਾਂ ਦੇ ਸਿਰ ਪਾੜੇ।

– ਅਹਿਮਦ ਸਲੀਮ

# ਗੰਡਾਸੀ ਵਾਲਾ ਮੋਢਾ

ਅੱਜ ਕਮਾਲੀ ਪਿੰਡ 'ਤੇ ਕਹਿਰ ਦਾ ਤੀਜਾ ਦਿਨ ਸੀ। ਆਲੇ-ਦੁਆਲੇ ਦੇ ਕੁੱਝ ਪਿੰਡਾਂ ਦੇ ਜਨੂੰਨੀ ਬੰਦਿਆਂ ਨੇ ਮੁੜ ਪਿੰਡ ਨੂੰ ਘੇਰ ਲਿਆ ਸੀ। ਤਲਵਾਰਾਂ, ਗੰਡਾਸਿਆਂ, ਬਰਛੇ, ਨੇਜ਼ੇ ਤੇ ਟਕੂਏ ਹੱਥਾਂ 'ਚ ਲਿਸ਼ਕ ਰਹੇ ਸਨ। ਹਾ-ਹੋ ਦੇ ਜੈਕਾਰੇ ਛੱਡੇ ਜਾ ਰਹੇ ਸਨ। ਹਵਾਵਾਂ 'ਚ ਜ਼ਹਿਰ ਘੁੱਲ ਗਿਆ ਸੀ। ਬੰਦਿਆਂ ਨੂੰ ਵੱਢਣਾ ਬਹਾਦਰੀ ਬਣ ਗਈ ਸੀ। ਲੁੱਟਾਂ-ਖੋਹਾਂ ਦਾ ਦੌਰ ਪੂਰੇ ਜ਼ੋਰਾਂ 'ਤੇ ਸੀ। ਘਰਾਂ ਨੂੰ ਫੂਕਿਆ ਜਾ ਰਿਹਾ ਸੀ। ਜਿਸ ਦੇ ਹੱਥ ਜੋ ਵੀ ਆਉਂਦਾ, ਚੁੱਕ ਲਿਆ ਜਾਂਦਾ। ਚੋਰੀ ਕਰਨ ਦੇ ਅਰਥ ਹੀ ਬਦਲ ਗਏ ਸਨ। ਕੋਈ ਕਿਸੇ ਨੂੰ ਪੁੱਛਣ ਵਾਲਾ ਹੀ ਨਹੀਂ ਸੀ। ਚਾਰੇ ਪਾਸੇ ਸਹਿਮ ਦਾ ਮਾਹੌਲ ਸੀ। ਕਈ ਪਿੰਡਾਂ ਦੇ ਲੋਕਾਂ ਨੇ ਜ਼ਿੰਮੇਵਾਰੀ ਸਿਰ ਲੈਂਦਿਆਂ ਮੁਸਲਮਾਨ ਵਾਸੀਆਂ ਨੂੰ ਸਰਹਿੰਦ ਤੇ ਕੁਰਾਲੀ ਦੇ ਕੈਂਪਾਂ

'ਚ ਬੜੀ ਸੁਰੱਖਿਅਤਾ ਨਾਲ ਪੁਜਾ ਵੀ ਦਿੱਤਾ ਸੀ ਪਰ ਏਦਾਂ ਦਾ ਜਿਗਰਾ ਰੱਖਣ ਵਾਲਿਆਂ ਨੂੰ ਕੈਰੀ ਅੱਖ ਨਾਲ ਵੇਖਿਆ ਜਾਂਦਾ ਸੀ। ਕੋਈ ਬਜ਼ੁਰਗ ਧੀਮੀ ਆਵਾਜ਼ 'ਚ ਹਾਅ ਦਾ ਨਾਅਰਾ ਮਾਰਦਾ— "ਇਹ ਆਪਣੇ ਹੀ ਨੇ, ਇਨ੍ਹਾਂ ਦਾ ਕੀ ਕਸੂਰ, ਪਿੰਡ ਦੀ ਇੱਜ਼ਤ ਨੂੰ ਰੋਲਣਾ ਚੰਗਾ ਨਹੀਂ। ਇਹ ਮਾੜਾ ਸਮਾਂ ਆਵੇਗਾ, ਅਸੀਂ ਸੋਚਿਆ ਨਹੀਂ ਸੀ। ਕਰੀਏ ਤਾਂ ਕੀ ਕਰੀਏ। ਪਰਮਾਤਮਾ ਦਾ ਭਾਣਾ...।"

ਖ਼ਬਰਾਂ ਫੈਲ ਰਹੀਆਂ ਸਨ ਕਿ ਉੱਧਰੋਂ (ਪਾਕਿਸਤਾਨੋਂ) ਰੇਲ ਗੱਡੀਆਂ 'ਚ ਲੋਥਾਂ ਆ ਰਹੀਆਂ ਹਨ। ਜਨੂੰਨੀ ਬੰਦਿਆਂ ਦੇ ਇੱਕ ਮੋਹਰੀ ਨੇ ਕਮਾਲੀ ਪਿੰਡ ਦੇ ਮੁਸਲਮਾਨਾਂ ਨੂੰ ਬਾਹਰ ਖੁੱਲ੍ਹੀ ਥਾਂ 'ਚ ਕੱਢ ਕੇ ਭਰੋਸਾ ਦਿੱਤਾ ਕਿ ਤੁਹਾਨੂੰ ਕੁਰਾਲੀ ਕੈਂਪ 'ਚ ਛੱਡਣ ਜਾਣਾ। ਕਿਸੇ ਕੋਲ ਕੋਈ ਹਥਿਆਰ ਨਾ ਹੋਵੇ। ਹੱਥ ਉੱਪਰ ਨੂੰ ਕਰੋ। ਬੱਸ ਮਿੰਟਾਂ 'ਚ ਹੀ ਉਸਨੇ ਤੇ ਉਸਦੇ ਦੋ-ਤਿੰਨ ਸਾਥੀਆਂ

ਨੇ ਖੜੋਤੇ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬੁੱਢੇ, ਬੱਚੇ, ਔਰਤਾਂ ਤੇ ਮਰਦਾਂ ਦੀਆਂ ਲਾਸ਼ਾਂ ਧਰਤੀ 'ਤੇ ਵਿੱਛ ਗਈਆਂ। ਕਈ ਔਰਤਾਂ ਨੂੰ ਨੰਗੇ ਹੋਣ ਲਈ ਹੁਕਮ ਕੀਤਾ ਗਿਆ। ਕਈ ਔਰਤਾਂ ਤੋਂ ਇਹ ਪਾਪ ਵੇਖ ਨਾ ਹੋਇਆ ਤੇ ਭੱਜ ਕੇ ਨੇੜੇ ਦੇ ਖੂਹ 'ਚ ਛਾਲਾਂ ਮਾਰ ਦਿੱਤੀਆਂ। ਕਈਆਂ ਨੂੰ ਘੜੀਸ ਕੇ ਦਰਿੰਦੇ ਅਗਵਾ ਕਰਕੇ ਲੈ ਗਏ। ਬਰਸਾਤ ਦਾ ਮੌਸਮ ਸੀ। ਆਲੇ-ਦੁਆਲੇ ਚਰੀ ਤੇ ਮੱਕੀ ਦੀਆਂ ਫ਼ਸਲਾਂ ਲਹਿ-ਲਹਾ ਰਹੀਆਂ ਸਨ। ਕਿੱਥੇ ਕੁਦਰਤ ਦੀ ਹਰਿਆਲੀ ਤੇ ਕਿੱਥੇ ਆਦਮੀ ਦੀ ਖ਼ੂਨੀ ਹੋਲੀ। ਇਹ ਵਰਤਾਰਾ ਕੂਕਾਂ, ਚੀਕਾਂ, ਹਾਲ-ਦੁਹਾਈ ਤੇ ਰੋਣ-ਪਿੱਟਣ ਵਾਲਾ ਸੀ। ਇਸ ਕਹਿਰ ਨੂੰ ਪਿੰਡ ਦੀ ਮਿੱਟੀ ਕਿਵੇਂ ਕਬੂਲ ਕਰਦੀ। ਮਿੱਟੀ ਤਾਂ ਸਿਰਜਣਹਾਰ ਹੁੰਦੀ ਹੈ। ਸਭ ਲਈ ਭਲਾ ਲੋੜਦੀ ਤੇ ਸਭ ਲਈ ਦਾਨੀ ਹੁੰਦੀ ਹੈ ਪਰ ਇਹ ਸਮਾਂ ਟਲਣ 'ਚ ਨਹੀਂ ਸੀ ਆ ਰਿਹਾ। ਜੋ ਕੁੱਝ ਪਲ ਪਹਿਲਾਂ ਜਿੰਦਾ ਸਨ, ਉਹ ਦੂਜੇ ਪਲ ਮੌਤ ਦੀ ਢੇਰੀ

ਬਣ ਗਏ ਸਨ ਤੇ ਦਰਿੰਦੇ ਰੌਲਾ ਪਾਉਂਦੇ ਜਿੱਤ ਦੇ ਨਾਅਰੇ ਲਾਉਂਦੇ ਭੱਜ ਗਏ ਸਨ। ਆਥਣ ਵੇਲਾ ਹੋ ਗਿਆ ਸੀ। ਸੂਰਜ ਵੀ ਲਾਲੀ ਛੱਡਦਾ ਹੋਇਆ ਡੁੱਬ ਰਿਹਾ ਸੀ।

ਨੇੜੇ ਦੇ ਪਿੰਡ ਰੁਪਾਲਹੇੜੀ ਦਾ ਕਰਮ ਸਿੰਘ ਮੋਢੇ 'ਤੇ ਗੰਡਾਸੀ ਧਰ ਕੇ ਆਪਣੇ ਖੇਤਾਂ 'ਚ ਘੁੰਮਣ ਗਿਆ। ਉਸ ਸਮੇਂ ਹਰ ਕੋਈ ਬਾਹਰ ਜਾਣ ਸਮੇਂ ਹਥਿਆਰ ਲੈ ਕੇ ਜ਼ਰੂਰ ਜਾਂਦਾ, ਆਪਣੀ ਸੁਰੱਖਿਆ ਲਈ। ਕੀ ਪਤਾ ਕੌਣ ਦੁਸ਼ਮਣ ਬਣ ਜਾਵੇ। ਇਹ ਹੌਸਲਾ ਵੀ ਹਰ ਕਿਸੇ 'ਚ ਨਹੀਂ ਸੀ। ਕਰਮ ਸਿੰਘ ਇਸ ਕਹਿਰ ਕਾਰਨ ਅੰਦਰੋਂ ਬਹੁਤ ਪ੍ਰੇਸ਼ਾਨ ਸੀ। ਬੜਾ ਕੁੱਝ ਉਸਨੂੰ ਬੇਚੈਨ ਕਰਦਾ। ਆਪਣੀ ਘਰਵਾਲੀ ਨਾਲ ਮੁਸਲਮਾਨ ਔਰਤਾਂ ਦੀ ਬੇਪਤੀ ਦੀਆਂ ਗੱਲਾਂ ਵੀ ਸਾਂਝੀਆਂ ਕਰਦਾ। "ਰੱਬ ਖ਼ੈਰ ਕਰੇ, ਇਹ ਦਿਨ ਛੇਤੀ ਲੰਘ ਜਾਣ।" ਉਸਦੀ ਘਰਵਾਲੀ ਡੂੰਘਾ ਸਾਹ ਲੈਂਦੀ ਆਖਦੀ।

ਸ਼ਾਮ ਹੋ ਰਹੀ ਸੀ। ਕਰਮ ਸਿੰਘ ਚਰੀ ਤੇ ਮੱਕੀ ਦੀਆਂ ਫ਼ਸਲਾਂ ਨੂੰ ਨਿਹਾਰ ਰਿਹਾ ਸੀ। ਇੱਕ ਖੇਤ ਦੇ ਬੰਨੇ ਉਹ ਖੜ੍ਹੋ ਗਿਆ। ਚਰੀ ਦਾ ਸੰਘਣਾ ਖੇਤ ਉਸਨੂੰ ਕੋਠੇ ਜਿੱਡਾ ਲੱਗਿਆ। ਖੇਤ 'ਚੋਂ ਘੁਸਰ-ਮੁਸਰ ਦੀ ਆਵਾਜ਼ ਆਈ। ਉਸ ਸੋਚਿਆ ਕੋਈ ਜਾਨਵਰ ਹੋਵੇਗਾ। ਕੁੱਝ ਦੇਰ ਉਹ ਸੋਚਦਾ ਰਿਹਾ। ਡਰ ਸੀ ਕਿ ਕੋਈ ਲੁਕਿਆ ਦੁਸ਼ਮਣ ਹੀ ਨਾ ਹੋਵੇ। ਇਕੱਲਾ ਹਾਂ, ਹਮਲਾ ਨਾ ਹੋ ਜਾਵੇ। ਉਸਨੇ ਆਪਣੀ ਗੰਡਾਸੀ ਦੀ ਪਕੜ ਨੂੰ ਥੋੜ੍ਹਾ ਮਜ਼ਬੂਤ ਕੀਤਾ। ਹੌਸਲਾ ਕਰਕੇ ਚਰੀ ਦੇ ਖੇਤ 'ਚ ਵੜ ਗਿਆ। ਹੋਰ ਅੱਗੇ ਗਿਆ। ਉਸਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਦੋ ਮੁਸਲਮਾਨ ਕੁੜੀਆਂ ਆਪਸ 'ਚ ਗਲਵਕੜੀ ਪਾਈਂ, ਡਰਦੀਆਂ ਮਾਰੀਆਂ ਸਹਿਕ ਰਹੀਆਂ ਸਨ। ਗੰਡਾਸੀ ਮੋਢੇ ਧਰੀ ਵੇਖ ਕੇ ਤਾਂ ਜਿਵੇਂ ਪ੍ਰਾਣ ਤਿਆਗਣ ਵਾਲੀਆਂ ਹੋ ਗਈਆਂ। ਉਨ੍ਹਾਂ ਦੀ ਹਾਲਤ ਬਹੁਤ ਤਰਸ ਵਾਲੀ ਸੀ। ਕਰਮ ਸਿੰਘ ਨੇ ਮਾਨਵੀ ਨਜ਼ਰ ਨਾਲ ਕੁੜੀਆਂ ਦੀ ਹਾਲਤ ਨੂੰ ਸਮਝ

ਲਿਆ। ਕਤਲੋਗਾਰਤ ਤੋਂ ਡਰਦੀਆਂ ਚਰੀ 'ਚ ਪਨਾਹ ਲੈ ਕੇ ਜਾਨ ਬਚਾ ਰਹੀਆਂ ਸਨ। ਕਰਮ ਸਿੰਘ ਦੇ ਮੂੰਹੋਂ ਨਿਕਲਿਆ, "ਧੀਓ, ਮੈਂ ਤੁਹਾਨੂੰ ਮਾਰਨ ਨਹੀਂ ਆਇਆ। ਬਚਾਉਣ ਲਈ ਆਇਆ ਹਾਂ। ਤੁਸੀਂ ਘਬਰਾਓ ਨਾ। ਇਹ ਗੰਡਾਸੀ ਤਾਂ ਤੁਹਾਡੀ ਰੱਖਿਆ ਲਈ ਹੈ। ਡਰੋ ਨਾ, ਹੌਸਲਾ ਰੱਖੋ। ਤੁਸੀਂ ਮੇਰੀਆਂ ਬੱਚੀਆਂ ਹੋ। ਉੱਠੋ ਮੇਰੇ ਨਾਲ ਚੱਲੋ, ਮੈਂ ਤੁਹਾਨੂੰ ਆਪਣੇ ਘਰ ਰੱਖਾਂਗਾ। ਖ਼ੁਦਾ, ਤੁਹਾਡਾ ਰਖਵਾਲਾ ਹੋਵੇ।" ਇਹ ਬੋਲ ਸੁਣ ਕੇ ਕੁੜੀਆਂ ਨੂੰ ਜਿਵੇਂ ਭਰੋਸਾ ਹੋ ਗਿਆ। ਮੌਤ ਤੋਂ ਤਾਂ ਬਚ ਗਈਆਂ, ਅੱਗੇ ਕੀ...?

ਕਰਮ ਸਿੰਘ ਨੇ ਨੇੜੇ ਹਲਟ ਦੇ ਚੁਬੱਚੇ ਦੇ ਪਾਣੀ ਨਾਲ ਉਨ੍ਹਾਂ ਨੂੰ ਮੂੰਹ-ਮੱਥਾ ਧੋਣ ਲਈ ਕਿਹਾ। ਮੱਕੀ ਦੇ ਖੇਤ 'ਚੋਂ ਦੋ ਕੱਚੀਆਂ ਛੱਲੀਆਂ ਤੋੜ ਕੇ ਉਸਨੇ ਕੁੜੀਆਂ ਨੂੰ ਖਾਣ ਲਈ ਦਿੱਤੀਆਂ। ਆਂਦਰਾਂ ਨੂੰ ਪਾਣੀ ਪੀ ਕੇ ਤੇ ਛੱਲੀਆਂ ਖਾ ਕੇ ਆਸਰਾ

ਮਿਲ ਗਿਆ, ਸਾਹ 'ਚ ਸਾਹ ਆਇਆ। ਘੁਸਮੁਸਾ ਹੋ ਰਿਹਾ ਸੀ। ਕਰਮ ਸਿੰਘ ਨੂੰ ਵਿਉਂਤ ਸੁੱਝੀ। ਉਸਨੇ ਆਪਣਾ ਮੋਢੇ ਵਾਲਾ ਪਰਨਾ ਪਾੜ ਕੇ ਦੋ ਹਿੱਸੇ ਕੀਤੇ ਤੇ ਕੁੜੀਆਂ ਨੂੰ ਮੁੰਡਿਆਂ ਵਾਂਗ ਸਿਰ 'ਤੇ ਮੜਾਸਾ ਮਰਵਾ ਦਿੱਤਾ ਤਾਂ ਜੋ ਰਸਤੇ 'ਚ ਕੋਈ ਖ਼ਤਰਾ ਨਾ ਮੁੱਲ ਲੈਣਾ ਪੈ ਜਾਵੇ। ਹੌਲੀ ਜਿਹੇ ਕਰਮ ਸਿੰਘ ਨੇ ਕੁੜੀਆਂ ਦੇ ਨਾਂ ਪੁੱਛੇ। ਵੱਡੀ ਸੋਲ੍ਹਾਂ ਕੁ ਸਾਲ ਦੀ ਬੋਲੀ 'ਸ਼ਬੀਨਾ।' ਛੋਟੀ 14 ਕੁ ਸਾਲ ਦੀ ਨੇ ਕਿਹਾ, ਮੈਨੂੰ 'ਸ਼ਰੀਫ਼ਨ' ਕਹਿੰਦੇ। ਖੇਤ ਤੋਂ ਘਰ ਤੱਕ ਦਾ ਸਫ਼ਰ ਕਰਮ ਸਿੰਘ ਨੇ ਬਹੁਤ ਸਾਵਧਾਨੀ ਨਾਲ ਤੈਅ ਕੀਤਾ। ਨਾਲ-ਨਾਲ ਸੱਜੇ-ਖੱਬੇ ਵੇਖਦਿਆਂ ਉਹ ਘਰ ਪੁੱਜ ਗਏ। ਉਨ੍ਹਾਂ ਲਈ ਇਹ ਪ੍ਰੀਖਿਆ ਦਾ ਸਮਾਂ ਸੀ।

ਕਰਮ ਸਿੰਘ ਦੀ ਘਰਵਾਲੀ ਨੇ ਬਿਨਾਂ ਕੁੱਝ ਪੁੱਛਿਆਂ ਕੁੜੀਆਂ ਨੂੰ ਅੰਦਰਲੀ ਕੋਠੜੀ 'ਚ ਆਰਾਮ ਕਰਨ ਲਈ ਸੰਭਾਲ ਲਿਆ। ਕੁੜੀਆਂ ਦੀ ਸੁੰਦਰਤਾ 'ਚ ਮਾਸੂਮੀਅਤ ਝਲਕ ਰਹੀ ਸੀ। ਰਤਨ

ਕੌਰ ਬਾਲ-ਬੱਚਿਆਂ ਵਾਲੀ ਸੀ। ਮਾਂ ਦੀ ਮਮਤਾ ਵਾਂਗ ਉਸਨੇ ਕੁੜੀਆਂ ਨੂੰ ਧਰਾਸ ਦਿੱਤਾ। "ਬੱਚਿਓ, ਇਹ ਤੁਹਾਡੀਆਂ ਭੈਣਾਂ" ਉਸਨੇ ਆਪਣੇ ਬੱਚਿਆਂ ਨਾਲ ਉਨ੍ਹਾਂ ਦੀ ਸਾਂਝ ਪੁਆਉਂਦਿਆਂ ਕਿਹਾ। ਇਹ ਅਜੀਬੋ-ਗਰੀਬ ਪਲ ਸਨ।

ਸ਼ਬੀਨਾ ਤੇ ਸ਼ਰੀਫ਼ਨ ਨੂੰ ਲੱਗਿਆ ਜਿਵੇਂ ਉਨ੍ਹਾਂ ਨੂੰ ਮਾਪੇ ਮਿਲ ਗਏ ਹੋਣ। ਅੱਗੇ ਕੀ ਹੋਵੇਗਾ, ਕਿਸੇ ਨੂੰ ਖ਼ਬਰ ਨਹੀਂ ਸੀ। ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਅੱਬਾ ਚਰਾਗ਼ ਦੀਨ, ਅੰਮੀ ਬਸ਼ੀਰਾ ਤੇ ਸ਼ੀਰਾ ਹਮੀਦ ਤਾਂ ਤੀਜੇ ਦਿਨ ਕਹਿਰ 'ਚ ਮਾਰ ਦਿੱਤੇ ਤੇ ਅਸੀਂ ਕਿਵੇਂ ਨਾ ਕਿਵੇਂ ਜਾਨ ਬਚਾਉਂਦੀਆਂ ਖੇਤਾਂ ਵੱਲ ਨੂੰ ਭੱਜ ਪਈਆਂ। ਕਈਆਂ ਨੇ ਸਾਨੂੰ ਖੂਹ 'ਚ ਛਾਲ ਮਾਰਨ ਲਈ ਵੀ ਕਿਹਾ ਪਰ ਸਾਨੂੰ ਜਾਨ ਪਿਆਰੀ ਸੀ। ਇਹ ਘਟਨਾ ਸੁਣਦੇ-ਸੁਣਦੇ ਕਰਮ ਸਿੰਘ ਤੇ ਰਤਨ ਕੌਰ ਨੂੰ ਉਹ ਕੁੜੀਆਂ ਬਹਾਦਰ ਲੱਗੀਆਂ ਤੇ ਕਿੰਨਾ ਕੁੱਝ ਇਤਿਹਾਸ 'ਚੋਂ ਪੜ੍ਹਿਆ ਚੇਤੇ ਆਉਣ ਲੱਗਿਆ।

ਰਾਤ ਸੌਣ ਲਈ ਮਜਬੂਰ ਕਰ ਰਹੀ ਸੀ। ਅੰਨ-ਭੋਜਨ ਛਕਣ ਪਿੱਛੋਂ ਸਾਰਿਆਂ ਨੂੰ ਨੀਂਦ ਆ ਗਈ। ਕਰਮ ਸਿੰਘ ਨੇ ਕਈ ਦਿਨ ਕੁੜੀਆਂ ਦੀ ਭਾਫ਼ ਨਾ ਕੱਢੀ। ਰੌਲਾ-ਰੱਪਾ ਬੰਦ ਹੋ ਗਿਆ। ਤਰ੍ਹਾ-ਤਰ੍ਹਾ ਕਰਦੇ ਲੋਕ ਇਸ ਕਹਿਰ ਨੂੰ ਕੋਸਣ ਲੱਗੇ, ਪਰ ਕੁੱਝ ਖਰਦਿਮਾਗ਼ ਸੂਹਾਂ ਵੀ ਲੈਂਦੇ ਰਹੇ। ਕਰਮ ਸਿੰਘ ਦਾ ਪਿੰਡ 'ਚ ਚੰਗਾ ਬੋਲ-ਬਾਲਾ ਸੀ। ਉਸਦੇ ਕੁਨੰਬੇ ਦੇ ਜੀਅ ਉਸਦੇ ਵਿਹਾਰ ਤੋਂ ਪ੍ਰਭਾਵਿਤ ਵੀ ਸਨ। ਉਸਨੇ ਆਪਣੇ ਭਾਈਚਾਰੇ ਤੇ ਪਿੰਡ ਦੇ ਮੋਹਤਬਰ ਬੰਦਿਆਂ ਨੂੰ ਉਨ੍ਹਾਂ ਕੁੜੀਆਂ ਦੀ ਹੱਡ-ਬੀਤੀ ਦਾ ਦੁਖਾਂਤ ਦੱਸ ਦਿੱਤਾ। ਪਿੰਡ 'ਚ ਵੀ ਠੰਢ-ਠੇਰ ਹੋ ਗਈ। ਆਲੇ-ਦੁਆਲੇ ਦੇ ਪਿੰਡਾਂ ਦੀਆਂ ਚੰਗੀਆਂ ਤੇ ਮਾੜੀਆਂ ਖ਼ਬਰਾਂ 'ਤੇ ਵਿਚਾਰਾਂ ਵੀ ਹੁੰਦੀਆਂ। ਇਹ ਖ਼ੂਨੀ ਦੌਰ ਹੌਲੀ-ਹੌਲੀ ਮੱਠਾ ਪਿਆ।

ਘਰ 'ਚ ਸ਼ਬੀਨਾ ਤੇ ਸ਼ਰੀਫ਼ਨ ਰਚ-ਮਿਚ ਗਈਆਂ। ਸਮਾਂ ਲੰਘਦਾ ਗਿਆ। ਘਰ ਦੇ ਜੀਆਂ ਵਾਂਗ ਉਹ ਕੰਮ ਕਰਦੀਆਂ ਤੇ


ਕਦੇ-ਕਦੇ ਉਦਾਸ ਹੋ ਜਾਂਦੀਆਂ ਪਰ ਕਰਮ ਸਿੰਘ ਆਪਣਾ ਧਰਮ ਨਿਭਾਉਂਦਾ ਰਿਹਾ। ਉਹ ਸੋਚਦੀਆਂ ਅਗਲਾ ਪੈਂਡਾ ਕਿਹੋ ਜਿਹਾ ਹੋਵੇਗਾ ? ਸੁਪਨੇ ਲੈਣ ਦੀ ਉਮਰ ਤਾਂ ਝਰੀਟੀ ਗਈ ਸੀ। ਮਨ 'ਚ ਬੈਠਿਆ ਖ਼ੌਫ਼ ਨਿਕਲਣਾ ਬੜਾ ਔਖਾ ਸੀ। ਕਰਮ ਸਿੰਘ ਤੇ ਰਤਨ ਕੌਰ ਲਈ ਸਾਹਮਣੇ ਚੁਣੌਤੀਆਂ ਖੜ੍ਹੋਤੀਆਂ ਸਨ। ਦਿਨ ਤੇ ਮਹੀਨੇ ਲੰਘਦੇ ਗਏ। ਸਰਕਾਰੀ ਹੁਕਮ ਹੋਇਆ ਕਿ ਜਿਨ੍ਹਾਂ ਦੇ ਘਰ ਮੁਸਲਮਾਨਾਂ ਦਾ ਕੋਈ ਜੀਅ ਠਹਿਰਿਆ ਹੋਇਆ, ਉਸਨੂੰ ਮਿਲਟਰੀ ਦੀਆਂ ਗੱਡੀਆਂ 'ਚ ਬਿਠਾ ਕੇ ਕੈਂਪਾਂ 'ਚ ਹਾਜ਼ਰ ਕੀਤਾ ਜਾਵੇਗਾ ਤੇ ਪਾਕਿਸਤਾਨ ਭੇਜ ਦਿੱਤਾ ਜਾਵੇਗਾ। ਪਿੰਡ ਵਾਲੇ ਇਸ ਦੇ ਜ਼ਿੰਮੇਵਾਰ ਹੋਣਗੇ। ਕਈ ਦਿਨਾਂ ਤੋਂ ਇਹ ਖ਼ਬਰ ਪਿੰਡ 'ਚ ਪਹੁੰਚ ਗਈ ਸੀ।

ਕਰਮ ਸਿੰਘ ਕਾਨੂੰਨਨ ਇੱਕ ਕੁੜੀ ਨੂੰ ਰੱਖ ਸਕਦਾ ਸੀ। ਉਸਨੇ ਆਪਣੀ ਘਰਵਾਲੀ ਨਾਲ ਸਲਾਹ ਕੀਤੀ। ਮੌਤ ਤੋਂ

ਬਚਾਈਆਂ ਕੁੜੀਆਂ ਨੂੰ ਤੋਰਨਾ ਉਸ ਲਈ ਬਹੁਤ ਕਠਨ ਸੀ, ਕਿਉਂਕਿ ਕੁੜੀਆਂ ਨਾਲ ਮੋਹ ਹੀ ਐਨਾ ਪੈ ਗਿਆ ਸੀ। ਉਨ੍ਹਾਂ ਨੇ ਸੋਚ-ਸੋਚ ਕੇ ਇੱਕ ਫ਼ੈਸਲਾ ਕਰ ਹੀ ਲਿਆ। ਕਰਮ ਸਿੰਘ ਦਾ ਵੱਡਾ ਸਾਲਾ ਗੱਭਰੂ ਸੀ : ਹਰਜਸ ਸਿੰਘ। ਉਸਦੀ ਉਮਰ ਵੀ ਵੀਹ ਕੁ ਸਾਲ ਤੋਂ ਘੱਟ ਸੀ। ਸ਼ਬੀਨਾ ਦਾ ਵਿਆਹ ਕਰਨ ਦਾ ਜਿਗਰਾ ਕਰਕੇ ਰਤਨ ਕੌਰ ਨੇ ਪਿੰਡ ਦੇ ਗੁਰਦੁਆਰੇ ਵਿੱਚ ਹੀ ਅਨੰਦ ਕਾਰਜ ਦੀ ਰਸਮ ਸਿਰੇ ਚੜ੍ਹਵਾ ਦਿੱਤੀ। ਸ਼ਬੀਨਾ ਹੁਣ ਸੁਰਜੀਤ ਕੌਰ ਬਣ ਗਈ ਸੀ। ਪਿੰਡ ਵਾਲਿਆਂ ਨੇ ਇਸ ਕਾਰਜ ਨੂੰ ਪਰਉਪਕਾਰ ਵਾਲਾ ਸਮਝਿਆ। ਦੋਵੇਂ ਘਰ ਵਸਣ ਦੀ ਖ਼ੁਸ਼ੀ ਮਨਾਈ ਗਈ। ਇੱਜ਼ਤ ਬਚਾਉਣੀ ਤੇ ਇੱਜ਼ਤ ਸਾਂਭਣੀ ਵੱਡਾ ਮਸਲਾ ਸੀ।

ਪਿੰਡ 'ਚ ਕੁੱਝ ਦਿਨ ਬਾਅਦ ਫ਼ੌਜੀ ਟਰੱਕ ਆਇਆ। ਛੋਟੀ ਕੁੜੀ ਸ਼ਰੀਫ਼ਨ ਨੂੰ ਤੋਰਨ ਦਾ ਵੇਲਾ ਆ ਗਿਆ। ਫ਼ੌਜੀ ਅਧਿਕਾਰੀਆਂ ਨੇ ਇਹ ਤਸੱਲੀ ਦਿਵਾਈ ਕਿ ਸ਼ਰੀਫ਼ਨ ਨੂੰ ਬਿਨਾਂ

ਕਿਸੇ ਖ਼ਤਰੇ ਪਾਕਿਸਤਾਨ ਭੇਜਿਆ ਜਾਵੇਗਾ। ਹੋ ਵੀ ਕੀ ਸਕਦਾ ਸੀ। ਸਾਰਾ ਪਿੰਡ ਗ਼ਮਗੀਨ ਸੀ। ਔਰਤਾਂ ਹੰਝੂ ਵਹਾਅ ਰਹੀਆਂ ਸਨ। ਸ਼ਬੀਨਾ ਉਰਫ਼ ਸੁਰਜੀਤ ਕੌਰ ਦਾ ਆਪਣੀ ਛੋਟੀ ਭੈਣ ਤੋਂ ਵਿਛੜਨਾ ਝੱਲ ਨਹੀਂ ਸੀ ਹੋ ਰਿਹਾ। ਕਰਮ ਸਿੰਘ ਤੇ ਰਤਨ ਕੌਰ ਦੇ ਅੱਥਰੂ ਰੁੱਕ ਨਹੀਂ ਰਹੇ ਸਨ। ਉਨ੍ਹਾਂ ਨੇ ਸ਼ਰੀਫ਼ਨ ਨੂੰ ਪਾਲਿਆ ਸੀ, ਪਰ ਅੱਜ ਉਸ ਧੀ ਨੂੰ ਅੱਖਾਂ ਤੋਂ ਦੂਰ ਕਰਨ ਦਾ ਵੇਲਾ ਆ ਗਿਆ ਸੀ। ਉਨ੍ਹਾਂ ਨੇ ਸ਼ਰੀਫ਼ਨ ਨੂੰ ਕੁੱਝ ਰਕਮ, ਲੀੜੇ, ਹੱਥਾਂ-ਕੰਨਾਂ ਦੇ ਗਹਿਣੇ ਪਾ ਕੇ ਬੜੇ ਸ਼ਗਨਾਂ ਨਾਲ ਤੋਰਿਆ ਤੇ ਉਸ ਦੇ ਚੰਗੇਰੇ ਭਵਿੱਖ ਦੀ ਅਰਦਾਸ ਕੀਤੀ। ਪਿੰਡ ਦੇ ਸਾਰੇ ਹੀ ਲੋਕ ਉਦਾਸ ਸਨ। ਟਰੱਕ ਦੀ ਆਵਾਜ਼ 'ਚ ਸ਼ਰੀਫ਼ਨ ਦੇ ਹਟਕੋਰਿਆਂ ਦੀ ਆਵਾਜ਼ ਗੁੰਮ ਹੋ ਗਈ। ਧੂੜ 'ਚ ਬੜਾ ਕੁੱਝ ਗੁਆਚ ਗਿਆ ਸੀ। ਉੱਥੇ ਖੜੋਤੇ ਪਿੰਡ ਦੇ ਗ੍ਰੰਥੀ ਦੇ ਮੂੰਹੋਂ ਸ਼ਬਦ ਨਿਕਲੇ :
"ਕੋਈ ਹਰਿਓ ਬੂਟ ਰਹਿਓ ਰੀ।"



ਕਾਇਮ ਸਦਾ ਨਹੀਂ ਰਹਿਣੀਆਂ
ਹੱਦਾਂ ਇਹ ਆਰਜ਼ੀ,
ਸਤਲੁਜ ਨੂੰ ਮਿਲ ਕੇ ਰਹਿਣਗੇ
ਪਾਣੀ ਚਨਾਬ ਦੇ।

– ਗੁਰਦੇਵ ਸਿੰਘ ਮਾਨ

# ਮੋਈ ਮਾਂ ਦਾ ਦੁੱਧ

1947 ਦੇ ਦਿਨ। ਕਹਿਰ ਦਾ ਸਾਲ। ਬਰਸਾਤ ਦਾ ਮੌਸਮ। ਧਰਤੀ 'ਤੇ ਵਰਖਾ ਨਹੀਂ, ਲਹੂ ਵਰ੍ਹ ਰਿਹਾ ਸੀ। ਕੀ ਹੋ ਗਿਆ ਸੀ? ਪੌਣਾਂ 'ਚ ਘੁਲੀ ਫ਼ਿਰਕੂ ਜ਼ਹਿਰ ਦੀਆਂ ਖ਼ਬਰਾਂ ਜੰਗਲ ਦੀ ਅੱਗ ਵਾਂਗ ਫੈਲ ਰਹੀਆਂ ਸਨ। ਸਭ ਕੁਝ ਸੱਚ ਮੰਨਿਆ ਜਾ ਰਿਹਾ ਸੀ। ਪੰਜਾਬ ਗੁਰਾਂ ਦੇ ਨਾਮ 'ਤੇ ਜੀਣ ਵਾਲਾ, ਲਹੂ ਰੱਤਾ ਹੋ ਗਿਆ ਸੀ। ਭਰਾਵਾਂ ਵਾਂਗ ਰਹਿੰਦੇ ਹਿੰਦੂ, ਸਿੱਖ ਤੇ ਮੁਸਲਮਾਨ ਰਾਤੋ-ਰਾਤ ਇੱਕ-ਦੂਜੇ ਦੇ ਵੈਰੀ ਬਣ ਗਏ ਸਨ। ਅਫ਼ਵਾਹਾਂ ਫੈਲ ਰਹੀਆਂ ਸਨ ਕਿ ਪਾਕਿਸਤਾਨ 'ਚ ਹਿੰਦੂ ਸਿੱਖਾਂ ਦਾ ਵੱਡੇ ਪੱਧਰ 'ਤੇ ਕਤਲੇਆਮ ਕੀਤਾ ਜਾ ਰਿਹਾ ਹੈ, ਇੱਧਰ ਪੰਜਾਬ ਵਿੱਚ ਵੀ ਪਿੰਡ ਸਾੜੇ ਜਾ ਰਹੇ ਸਨ, ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਸੀ। ਹਰ ਕੋਈ ਜ਼ਿਦ-ਜ਼ਿਦ ਕੇ ਦੱਸ ਰਿਹਾ ਸੀ ਕਿ ਮੈਂ

ਏਨੇ ਮੌਤ ਦੇ ਰਾਹ ਤੋਰ ਦਿੱਤੇ। ਲੁੱਟ-ਖੋਹ ਜ਼ੋਰਾਂ 'ਤੇ ਸੀ। ਜਾਨੂੰਨੀ ਬੰਦੇ ਜ਼ਬਰ ਜ਼ੁਲਮ ਦੇ ਰਾਹ ਤੁਰ ਪਏ ਸਨ। ਇਨਸਾਨੀਅਤ ਮੂਧੇ-ਮੂੰਹ ਡਿੱਗ ਪਈ ਸੀ, ਪਰ ਜੁਰਅਤ ਅਤੇ ਜ਼ਮੀਰਾਂ ਵਾਲੇ ਬੰਦੇ ਆਪਣਾ ਫਰਜ਼ ਨਿਭਾਉਣ ਵਿੱਚ ਵੀ ਡਟੇ ਹੋਏ ਸਨ। ਹਨ੍ਹੇਰੇ 'ਚ ਦੀਵਾ ਜਗਾਉਣ ਵਾਲੇ ਕਦੇ ਡਰਦੇ ਨਹੀਂ। ਨੇਕੀ ਤੇ ਬਦੀ ਦੀ ਲੜਾਈ ਤਾਂ ਆਦਿ ਕਾਲ ਤੋਂ ਚਲੀ ਆ ਰਹੀ ਹੈ।

ਪਿੰਡ ਰੁਪਾਲਹੇੜੀ ਤੋਂ ਅੱਜ ਤੀਜੇ ਦਿਨ ਚਾਲੀ ਕੁ ਬੰਦਿਆਂ ਦਾ ਟੋਲਾ ਤਲਵਾਰਾਂ, ਸਫ਼ਾਜੰਗ, ਨੇਜ਼ੇ, ਗੰਡਾਸੀਆਂ, ਬਰਛੇ ਤੇ ਟਕੂਏ ਲੈ ਕੇ ਪਿੰਡ ਕਮਾਲੀ 'ਤੇ ਹੱਲਾ ਬੋਲਣ ਲਈ ਤੁਰ ਪਿਆ। ਬੜਾ ਜੋਸ਼ ਤੇ ਖਰੂਦੀ ਸੁਭਾਅ, ਜੈਕਾਰੇ ਛੱਡਦਾ ਪਿੰਡ ਦੀ ਜੂਹ ਨੂੰ ਤੁਰਦਾ ਜਾ ਰਿਹਾ ਸੀ। "ਅਸੀਂ ਨੀ ਛੱਡਣੇ ਰੰਗੜ, ਸਾਡੀਆਂ ਧੀਆਂ, ਭੈਣਾਂ ਨਾਲ ਉੱਧਰ ਬਹੁਤ ਜ਼ੁਲਮ ਹੋ ਰਿਹਾ ਹੈ। ਅਸੀਂ ਭਾਜੀ ਮੋੜਨੀ।" ਏਦਾਂ ਦੀਆਂ ਗੱਲਾਂ ਹਵਾਵਾਂ 'ਚ ਖਿੰਡ ਰਹੀਆਂ

ਸਨ। ਇਸ ਟੋਲੇ 'ਚ 'ਬੋਲਾ' ਵੀ ਆਪਣਾ ਟਕੂਆ ਲੈ ਕੇ ਨਾਲ ਹੋ ਤੁਰਿਆ। ਨਾਂ ਤਾਂ ਉਸ ਦਾ ਹਜਾਰਾ ਸਿੰਘ ਸੀ, ਪਰ ਥੋੜ੍ਹਾ ਉੱਚਾ ਸੁਣਨ ਕਰਕੇ ਉਸ ਦੀ ਅੱਲ 'ਬੋਲਾ' ਪੱਕੀ ਹੋਈ ਸੀ।

ਹਜੂਮ ਪਿੰਡ ਕਸੁੰਭੜੀ ਟੱਪ ਕੇ ਕਮਾਲੀ ਪਿੰਡ ਦੇ ਬੰਨੇ ਪਹੁੰਚ ਗਿਆ। ਕਮਾਲੀ ਪਿੰਡ ਮੁਸਲਮਾਨਾਂ ਦਾ ਗੜ੍ਹ ਸੀ। ਇੱਥੋਂ ਦੇ ਕਹਿੰਦੇ ਕਹਾਉਂਦੇ ਮੁਸਲਮਾਨ ਸੁਲਤਾਨ ਖ਼ਾਂ ਦਾ ਬੜਾ ਰੋਅਬ-ਦਾਬ ਸੀ। ਉਸਨੇ ਹੋਰ ਪਿੰਡਾਂ ਦੇ ਮੁਸਲਮਾਨਾਂ ਨੂੰ ਇਕੱਠੇ ਕਰ ਲਿਆ ਸੀ। ਇਹ ਵੀ ਖ਼ਬਰ ਫੈਲ ਗਈ ਕਿ ਸੁਲਤਾਨ ਖ਼ਾਂ ਪੰਜਾਬ ਦੇ ਹਿੰਦੂ-ਸਿੱਖਾਂ 'ਤੇ ਹਮਲਾ ਵੀ ਕਰ ਸਕਦਾ ਹੈ। ਇਸ ਅਫ਼ਵਾਹ ਕਰਕੇ ਹਿੰਦੂ ਸਿੱਖਾਂ ਦੇ ਟੋਲੇ ਪਿੰਡ ਕਮਾਲੀ 'ਤੇ ਹੱਲਾ ਬੋਲਣ ਲਈ ਬਜ਼ਿੱਦ ਸਨ। ਚਾਰੇ ਪਾਸੇ ਹੋ-ਹੱਲਾ ਮਚਿਆ ਹੋਇਆ ਸੀ। ਜਦੋਂ ਟੋਲਾ ਹੋਰ ਅੱਗੇ ਵਧਿਆ ਤਾਂ ਰਸਤੇ ਵਿੱਚ ਇੱਕ ਭਰ ਜੁਆਨ ਮੁਸਲਮਾਨ ਔਰਤ ਵੱਢੀ-ਟੁੱਕੀ ਪਈ ਸੀ।

ਬੜਾ ਸੁੰਦਰ ਸਡੋਲ ਸਰੀਰ ਨਿਰਜਿੰਦ ਸੀ ਤੇ ਦੋ ਕੁ ਸਾਲ ਦਾ ਇੱਕ ਬੱਚਾ (ਮੁੰਡਾ) ਆਪਣੀ ਮੋਈ ਮਾਂ ਦਾ ਦੁੱਧ ਚੁੰਘ ਸਹਿਕ ਰਿਹਾ ਸੀ। ਔਰਤ ਤਾਂ ਤਾਜ਼ੀ-ਤਾਜ਼ੀ ਮਰੀ ਲੱਗਦੀ ਸੀ, ਪਰ ਬੱਚਾ ਦੁੱਧ ਦੀਆਂ ਘੁੱਟਾਂ ਨੂੰ ਲਪਕਿਆ ਪਿਆ ਸੀ। ਹਜਾਰਾ ਸਿੰਘ ਇਹ ਕਰੁਣਾਮਈ ਦ੍ਰਿਸ਼ ਵੇਖਕੇ ਪਸੀਜਿਆ ਗਿਆ। ਉਸਦੇ ਪੈਰ ਟੋਲੇ ਨਾਲ ਤੁਰਨ ਤੋਂ ਇਨਕਾਰੀ ਹੋ ਗਏ। ਉਹ ਖੜੋ ਕੇ ਬੜੀ ਨੀਝ ਨਾਲ ਵੇਖਣ ਲੱਗਿਆ। ਟੋਲੇ 'ਚੋਂ ਕੋਈ ਬੋਲਿਆ : "ਤੂੰ ਮਰੀ ਹੋਈ ਨਾਲ ਵਿਆਹ ਕਰਾਉਣਾ। ਇਸ ਦੇ ਤੁਖਮ ਨੂੰ ਵੀ ਗੱਡੀ ਚੜ੍ਹਾ ਦੇ, ਵੇਖਦਾ ਕੀ ਐਂ?" ਹਜਾਰਾ ਸਿੰਘ ਸੁੰਨ ਹੋ ਗਿਆ। ਉਸਦੇ ਅੰਦਰ ਇਨਸਾਨ ਜਾਗ ਉੱਠਿਆ, ਉਸ ਤੋਂ ਟੋਲੇ ਨਾਲ ਹੋਰ ਨਾ ਤੁਰ ਹੋਇਆ।

ਮਰੀ ਹੋਈ ਔਰਤ ਦੇ ਅੰਗਾਂ ਨੂੰ ਉਸ ਦੇ ਦੁਪੱਟੇ ਨਾਲ ਕੱਜਿਆ। ਲਹੂ ਨਾਲ ਕੱਪੜੇ ਗੜੁੱਚ ਸਨ। ਹਜਾਰਾ ਸਿੰਘ ਦੇ

ਹੱਥੋਂ ਟਕੂਆ ਡਿੱਗ ਪਿਆ। ਉਸ ਨੇ ਗੋਡਿਆਂ ਭਾਰ ਹੋ ਕੇ ਆਪਣੇ ਪਰਨੇ ਨਾਲ ਬੱਚੇ ਦਾ ਮੂੰਹ ਪੂੰਝਿਆ, ਮਰੀ ਹੋਈ ਮਾਂ ਦੀ ਦੁੱਧੀ ਤੋਂ ਬੱਚੇ ਦਾ ਮੂੰਹ ਛੁਡਾ ਕੇ ਆਪਣੀ ਗੋਦੀ'ਚ ਸਾਂਭ ਲਿਆ। ਬੱਚਾ ਬੇਸੁੱਧ ਜਿਹਾ ਹਜਾਰਾ ਸਿੰਘ ਦੇ ਮੋਢੇ ਲੱਗ ਗਿਆ। ਉਸਨੇ ਟੋਲੇ 'ਚੋਂ ਇਹ ਆਵਾਜ਼ ਵੀ ਸੁਣੀ ਕਿ ਆਇਆ ਕਿਸ ਕੰਮ ਸੀ ਤੇ ਕਰ ਕੀ ਰਿਹਾ ਏਂ। ਹਜਾਰਾ ਸਿੰਘ ਜਿਵੇਂ ਬੰਦਾ ਨਹੀਂ, ਫ਼ਰਿਸ਼ਤਾ ਬਣ ਗਿਆ ਸੀ। ਉਸ ਨੇ ਕਿਹਾ : "ਜਾਓ, ਜਾਓ ਤੁਸੀਂ ਜੋ ਕਰਨਾ ਕਰੋ। ਮੈਨੂੰ ਤਾਂ ਮੇਰਾ ਖ਼ਜ਼ਾਨਾ ਮਿਲ ਗਿਆ।" ਉਸਨੇ ਸਮਾਂ ਖੁੰਝਣ ਨਾ ਦਿੱਤਾ। ਉਨ੍ਹੀਂ ਪੈਰੀਂ ਬੱਚੇ ਨੂੰ ਪੂਰੀ ਸੁਰੱਖਿਅਤਾ ਨਾਲ ਪਿੰਡ ਰੁਪਾਲਹੇੜੀ ਆ ਗਿਆ। "ਲੈ ਭਗਵਾਨ ਕੁਰੇ, ਇੱਕ ਦਾਤ ਤੇਰੇ ਲਈ ਲੈ ਕੇ ਆਇਆਂ। ਲੈ ਸਾਂਭ, ਵੇਖ ਕਿੰਨਾ ਸੁਹਣਾ, ਇਹ ਰੱਬ ਦਾ ਪੁੱਤਰ।" ਅਸਲ ਵਿੱਚ ਹਜਾਰਾ ਸਿੰਘ ਦੇ ਵਿਆਹ ਹੋਏ ਨੂੰ ਦਸ ਸਾਲ ਹੋ ਗਏ ਸਨ, ਪਰ ਕੋਈ ਬੱਚਾ ਨਾ ਹੋਣ ਕਾਰਨ ਘਰ

ਸੁੰਨਾ ਪਿਆ ਸੀ। ਬੱਚੇ ਨੂੰ ਵੇਖ ਕੇ ਭਗਵਾਨ ਕੁਰ ਅਚੰਭਤ ਹੋ ਗਈ। ਬੱਚੇ ਨੂੰ ਸਾਂਭਣ ਦਾ ਕੰਮ ਚਣੌਤੀਆਂ ਵਾਲਾ ਸੀ ਪਰ ਦੋਵਾਂ ਨੇ ਲੋਕਾਂ ਦੀ ਪਰਵਾਹ ਨਾ ਕੀਤੀ। ਆਪਣੀ ਸੰਤਾਨ ਸਮਝ ਕੇ ਰੱਬ 'ਤੇ ਭਰੋਸਾ ਰੱਖ ਬੱਚੇ ਨੂੰ ਪਾਲਣਾ ਸ਼ੁਰੂ ਕਰ ਦਿੱਤਾ। ਹੁਣ ਉਸਨੂੰ 'ਸਾਧੂ' ਕਹਿ ਕੇ ਪੁਕਾਰਨ ਲੱਗੇ। ਬੜੀ ਸਾਧਨਾਂ ਨਾਲ ਬੱਚਾ ਮਿਲਣ ਕਰਕੇ ਇਹ ਨਾਂ ਹੀ ਪਿਆਰਾ ਲੱਗਣ ਲੱਗ ਪਿਆ। ਤੱਤੜੀਆਂ ਹਵਾਵਾਂ ਲੰਘ ਗਈਆਂ।

ਹਜਾਰਾ ਸਿੰਘ ਦਰਵੇਸ਼ ਸੁਭਾਅ ਦਾ ਹੋਣ ਕਾਰਨ ਬੱਚੇ ਦਾ ਹਰ ਪੱਖੋਂ ਖ਼ਿਆਲ ਰੱਖਦਾ। ਭਗਵਾਨ ਕੁਰ ਵੀ ਬੱਚੇ ਨਾਲ ਆਹਰੇ ਲੱਗ ਗਈ। ਮਾਂ ਦੀ ਮਮਤਾ ਨੇ ਰੰਗ ਲਿਆਂਦਾ। ਦੋ ਕੁ ਸਾਲ ਪਿੱਛੋਂ ਉਸਦੀ ਕੁੱਖ ਹਰੀ ਹੋ ਗਈ। ਪਿੰਡ ਵਿੱਚ ਚਰਚਾ ਹੋਣ ਲੱਗੀ ਕਿ ਨੇਕੀ ਦਾ ਫਲ ਮਿਲਿਆ। ਵੱਢ-ਟੁੱਕ ਕਰਨ ਵਾਲਿਆਂ ਨੂੰ ਸ਼ਰਮਿੰਦਗੀ ਵੀ ਹੋਈ ਪਰ ਉਹ ਸਮਾਂ ਬੀਤ ਚੁੱਕਿਆ ਸੀ।

ਠੰਢ-ਠੰਢੌਲਾ ਹੋ ਗਿਆ। ਹਜਾਰਾ ਸਿੰਘ ਨੇ ਨਵੇਂ ਜੰਮੇ ਪੁੱਤਰ ਦਾ ਨਾਂ ਸੋਚ-ਸੋਚ ਕੇ ਕਰਮ ਸਿੰਘ ਉਰਫ਼ ਕਰਮਾ ਰੱਖਿਆ। ਜਦੋਂ ਕਦੇ ਉਹ ਕਰਮੇ ਨੂੰ ਭਗਵਾਨ ਕੁਰ ਦੀ ਗੋਦੀ 'ਚ ਦੁੱਧ ਚੁੰਘਦਾ ਵੇਖਦਾ ਤਾਂ ਉਸਨੂੰ ਉਸ ਮਰੀ ਹੋਈ ਔਰਤ ਦੀ ਯਾਦ ਆ ਜਾਂਦੀ ਤੇ ਉਹ ਬਹੁਤ ਭਾਵੁਕ ਹੋ ਜਾਂਦਾ। ਸਹਿਜੇ ਹੀ ਉਸ ਦੇ ਮੂੰਹੋਂ ਨਿਕਲਦਾ, 'ਪਰਮਾਤਮਾ, ਦੁੱਧ ਚੁੰਘਦੇ ਕਿਸੇ ਬੱਚੇ ਦੀ ਮਾਂ ਨਾ ਮਰੇ।"

ਘਰ 'ਚ ਦੋਵੇਂ ਬੱਚੇ ਸਕੇ ਭਰਾ ਜਾਪਦੇ। ਰੌਣਕ ਲੱਗੀ ਰਹਿੰਦੀ। ਹਜਾਰਾ ਸਿੰਘ ਨੇ ਦੋਵੇਂ ਬੱਚਿਆਂ ਨੂੰ ਪਿੰਡ ਦੇ ਮਿਡਲ ਸਕੂਲ ਤੋਂ ਅੱਠਵੀਂ ਪਾਸ ਕਰਵਾ ਕੇ ਆਪਣੇ ਨਾਲ ਖੇਤੀ ਦੇ ਕੰਮ 'ਚ ਲਾ ਲਿਆ। ਉਸ ਕੋਲ ਜ਼ਮੀਨ ਥੋੜ੍ਹੀ ਸੀ। ਮੱਝਾਂ ਰੱਖ ਕੇ ਦੁੱਧ ਦਾ ਧੰਦਾ ਉਸਨੂੰ ਲਾਹੇਵੰਦਾ ਲੱਗਿਆ। ਸਾਧੂ ਨੂੰ ਹੁਣ ਲੋਕੀਂ ਸਾਧੂ ਫ਼ਕੀਰ ਕਹਿਣ ਲੱਗ ਪਏ ਕਿਉਂਕਿ ਸੁਭਾਅ ਹੀ ਅਜਿਹਾ ਸੀ। ਬਹੁਤ ਘੱਟ ਬੋਲਦਾ ਤੇ ਆਪਣੇ ਕੰਮ 'ਚ ਜੁਟਿਆ ਰਹਿੰਦਾ। ਹੁਣ

ਉਹ ਗੱਭਰੂ ਹੋ ਗਿਆ ਸੀ। ਹਜਾਰਾ ਸਿੰਘ ਨੇ ਆਪਣੇ ਰਿਸ਼ਤੇਦਾਰਾਂ ਤੇ ਪਿੰਡ ਦੇ ਕੁਨਬੇ ਨਾਲ ਸਲਾਹ ਬਣਾਈ ਕਿ ਕਿਉਂ ਨਾ ਸਾਧੂ ਦਾ ਘਰ ਵਸਾ ਦਿੱਤਾ ਜਾਵੇ। ਹੁਣ ਇਸ ਦਾ ਇੱਧਰ ਹੀ ਦੇਸ ਹੈ। ਨੇੜੇ ਦੇ ਪਿੰਡ 'ਚ ਮੁਸਲਮਾਨ ਪਰਿਵਾਰ ਲੱਭ ਕੇ ਉਸਦਾ ਵਿਆਹ ਕਰ ਦਿੱਤਾ ਤੇ ਪਿੰਡ 'ਚ ਉਸਨੂੰ ਰਹਿਣ ਲਈ ਵੱਖਰਾ ਘਰ ਵੀ ਖਰੀਦ ਕੇ ਦੇ ਦਿੱਤਾ। ਜ਼ਿੰਦਗੀ ਆਪਣੀ ਤੋਰੇ ਤੁਰਦੀ ਗਈ। ਉਸਨੇ ਆਪਣੇ ਰੁਜ਼ਗਾਰ ਲਈ ਕੁੱਝ ਬੱਕਰੀਆਂ ਰੱਖ ਲਈਆਂ ਤੇ ਆਮਦਨ ਦਾ ਵਸੀਲਾ ਚੰਗਾ ਚੱਲਣ ਲੱਗਿਆ। ਸਮੇਂ ਅਨੁਸਾਰ ਉਹ ਬਾਲ ਬੱਚਿਆਂ ਵਾਲਾ ਹੋ ਗਿਆ। ਮਾਂ ਤੋਂ ਟੁੱਟੀ ਆਂਦਰ ਦੀ ਜੜ੍ਹ ਲੱਗ ਗਈ। ਮੋਈ ਮਾਂ ਦੇ ਦੁੱਧ ਦੇ ਘੁੱਟਾਂ ਦੀ ਹੋਣੀ ਨੇ ਨਵਾਂ ਰੂਪ ਧਾਰਨ ਕੀਤਾ। ਸਮਾਂ ਲੰਘਦਾ ਗਿਆ। ਪਿੰਡ ਵਾਲੇ ਉਸਨੂੰ ਬੱਕਰੀਆਂ ਵਾਲਾ ਸਾਧੂ ਫ਼ਕੀਰ ਕਹਿਣ ਲੱਗੇ। ਪਿੰਡ ਕੀ ਸੀ, ਬਸ ਹੁਣ ਇਹ ਉਸਦਾ ਆਪਣਾ ਪਿੰਡ ਸੀ।



ਸਾਡੀ ਹਿੱਕ ਤੇ ਵਾਹ ਕੇ ਲੀਕ ਟੁਰ ਗਏ ਨੇ
ਆਪਣਾ ਕਰ ਕੇ ਕੰਮ ਸ਼ਰੀਕ ਟੁਰ ਗਏ ਨੇ
ਹੁਣ ਕੀ ਫ਼ਾਇਦਾ ਅੱਖਾਂ ਖੋਲ੍ਹੀਆਂ ਦਾ
ਸੀਨੇ ਵਿੱਚ ਦਬਾ ਕੇ ਚੀਕ ਟੁਰ ਗਏ ਨੇ।

– **ਬਾਬਾ ਨਜ਼ਮੀ**

# ਕਬਰ 'ਚੋਂ ਉੱਠਦੀ ਖ਼ੁਸ਼ਬੂ

ਸਵੇਰੇ-ਸਵੇਰੇ ਖ਼ਬਰ ਮਿਲੀ ਕਿ ਬਸ਼ੀਰਾਂ ਮਾਈ ਖ਼ੁਦਾ ਨੂੰ ਪਿਆਰੀ ਹੋ ਗਈ। ਸਰਦੀ ਦਾ ਦਿਨ ਸੀ। ਪੰਦਰਾਂ ਦਸੰਬਰ, 2000। ਵੀਹਵੀਂ ਸਦੀ ਅਲਵਿਦਾ ਲੈ ਰਹੀ ਸੀ। ਮੈਨੂੰ ਇਸ ਖ਼ਬਰ ਨੇ ਬਹੁਤ ਉਦਾਸ ਕਰ ਦਿੱਤਾ ਸੀ। ਮੇਰਾ ਗੱਚ ਭਰ ਆਇਆ। ਅੱਖਾਂ ਨਮ ਹੋ ਗਈਆਂ। ਮੈਂ ਇਹ ਖ਼ਬਰ ਆਪਣੀ ਘਰਵਾਲੀ ਨੂੰ ਦੱਸੀ। ਸੁਣਦੇ ਸਾਰ ਉਹ ਖ਼ਾਮੋਸ਼ ਹੋ ਗਈ। ਉਸ ਦੀ ਪਿਆਰੀ ਵਸਤ ਜਿਵੇਂ ਹੱਥੋਂ ਕਿਰ ਗਈ ਹੋਵੇ। ਉਸ ਨੇ ਇੱਕ ਡੂੰਘਾ ਸਾਹ ਲਿਆ। ਮੇਰੀ ਘਰਵਾਲੀ ਜਦੋਂ ਬਹੁਤ ਚੁੱਪ ਹੋਵੇ, ਉਦੋਂ ਉਸ ਅੰਦਰ ਇੱਕ ਡੂੰਘਾ ਵਿਗੋਚਾ ਡੁੱਬ ਰਿਹਾ ਹੁੰਦਾ ਹੈ। ਅਸੀਂ ਦੋਵੇਂ ਸੋਚਾਂ 'ਚ ਪੈ ਗਏ। ਕੁੱਝ ਵੀ ਨਹੀਂ ਸੀ ਫੁਰ ਰਿਹਾ। ਕੁੱਝ ਪਲ ਗੁਜ਼ਰੇ। ਮੁੜ ਖ਼ਾਮੋਸ਼ੀ ਨੂੰ ਬੋਲ ਮਿਲੇ। "ਕੀ ਕਰੀਏ ?" ਅਸੀਂ ਬੋਲੇ। ਸਾਰੇ ਰੁਝੇਵੇਂ

ਛੱਡ ਕੇ ਤੁਰੰਤ ਸਾਨੂੰ ਪਿੰਡ ਦਾਊਂ ਪੁੱਜਣਾ ਚਾਹੀਦਾ ਹੈ। ਅਸੀਂ ਕਈ ਗੱਲਾਂ ਵਿਚਾਰੀਆਂ, ਜਾਣ ਤੋਂ ਪਹਿਲਾਂ।

ਅਸੀਂ ਬਜ਼ਾਰੋਂ ਫੁੱਲਾਂ ਦੇ ਕੁੱਝ ਹਾਰ ਤੇ ਫੁੱਲ ਖਰੀਦੇ। ਸ਼ਾਇਦ ਦਿਹਾੜਾ ਐਤਵਾਰ ਦਾ ਸੀ। ਦੁਕਾਨਾਂ ਅਜੇ ਖੁੱਲ੍ਹੀਆਂ ਨਹੀਂ ਸਨ। ਅਚਾਨਕ ਸਾਨੂੰ ਇੱਕ ਕਸ਼ਮੀਰੀ ਭਾਈ, ਗਰਮ ਕੱਪੜਿਆਂ ਦੀ ਪੰਡੋਕਲੀ ਵੇਚਣ ਵਾਲਾ ਮਿਲ ਪਿਆ। ਅਸੀਂ ਉਸ ਨੂੰ ਰੋਕਿਆ। ਅਸੀਂ ਉਸ ਕੋਲੋਂ ਇੱਕ ਸ਼ਾਲ ਖਰੀਦਿਆ। ਉਸ ਨੇ ਪੁੱਛਿਆ ਕਿ ਕਿਸ ਲਈ ਚਾਹੀਦਾ ਹੈ। ਮੈਂ ਸੰਖੇਪ 'ਚ ਦੱਸਿਆ ਕਿ ਸਾਡੀ ਇੱਕ ਬਿਰਧ ਮੁਸਲਮਾਨ ਮਾਈ ਗੁਜ਼ਰ ਗਈ ਹੈ। ਹੁਣੇ-ਹੁਣੇ ਪਤਾ ਲੱਗਿਆ ਹੈ ਤੇ ਅਸੀਂ ਉਸਨੂੰ ਦੁਸ਼ਾਲਾ ਸ਼ਰਧਾ ਵੱਜੋਂ ਕੱਫ਼ਨ ਦੇ ਤੌਰ 'ਤੇ ਪਾਉਣਾ। "ਆਪ ਤੋ ਸਰਦਾਰ ਹੈਂ। ਆਪ ਕੀ ਵੋਹ ਕਯਾ ਲਗਤੀ ਥੀ।" ਮੇਰੇ ਮੂੰਹੋਂ ਨਿਕਲਿਆ, ਉਹ ਸਾਡੀ ਮਾਂ ਸੀ। ਸਾਡੇ ਬੱਚਿਆਂ ਦੀ ਦਾਦੀ ਮਾਂ। ਉਹ ਭਾਈ ਹੈਰਾਨ ਹੋਈ ਜਾ ਰਿਹਾ ਸੀ।

ਆਖ਼ਰ ਮੈਂ ਦੁਸ਼ਾਲੇ ਦੀ ਕੀਮਤ ਦਿੱਤੀ। ਉਸ ਨੇ ਕੀਤੇ ਮੁੱਲ 'ਚੋਂ ਦਸ ਰੁਪਏ ਮੈਨੂੰ ਵਾਪਸ ਕਰ ਦਿੱਤੇ। "ਅੱਛਾ ਮੇਰੀ ਤਰਫ਼ ਸੇ ਭੀ ਯੇਹ ਸ਼ਰਧਾ ਹੈ।" ਉਸ ਦੇ ਇਨਸਾਨੀ ਵਤੀਰੇ ਦਾ ਮੈਂ ਸ਼ੁਕਰੀਆ ਕੀਤਾ।

ਅਸੀਂ ਪਿੰਡ ਪੁੱਜ ਗਏ। ਸਕੂਟਰ 'ਤੇ ਜਾਣ ਕਰਕੇ ਠੰਢ ਲੱਗ ਰਹੀ ਸੀ ਪਰੰਤੂ ਮਾਈ ਬਸ਼ੀਰਾ ਦੀ ਮੁਹੱਬਤ ਅੱਗੇ ਸਭ ਕੁੱਝ ਭੁੱਲ ਗਿਆ ਸੀ। ਮੁਹੱਲੇ 'ਚ ਲੋਕਾਂ ਦਾ ਇਕੱਠ ਸੀ। ਲੋਕੀਂ ਗ਼ਮ 'ਚ ਡੁੱਬੇ ਹੋਏ ਸਨ। ਇੱਕ ਗ਼ਮਗੀਨ ਮਾਹੌਲ ਪਸਰਿਆ ਹੋਇਆ ਸੀ। ਮ੍ਰਿਤਕ ਸਰੀਰ ਨੂੰ ਦਫ਼ਨਾਉਣ ਲਈ ਤਿਆਰੀਆਂ ਹੋ ਰਹੀਆਂ ਸਨ। ਆਪਣੇ ਪੁੱਤਰ ਦੇ ਵਿਹੜੇ 'ਚ ਬਸ਼ੀਰਾ ਮਾਈ ਦੀ ਅਰਥੀ ਸਜੀ ਪਈ ਸੀ। ਅਸੀਂ ਦੋਵਾਂ ਨੇ ਕਫ਼ਨ ਦਾ ਪੱਲਾ ਚੁੱਕ ਕੇ ਦਰਸ਼ਨ ਕੀਤੇ। ਇੱਕ ਸ਼ਾਂਤ ਝੁਰੜੀਆਂ ਵਾਲਾ ਚਿਹਰਾ, ਬਿਰਧ, ਬੇਖ਼ੌਫ਼-ਆਪਣੀ ਨੂਰਾਨੀ 'ਚ ਹਰਕਤਹੀਨ, ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਕੇ ਖ਼ਾਮੋਸ਼ ਸੀ। ਸਭ ਦੀਆਂ ਅੱਖਾਂ ਸੇਜਲ ਸਨ। ਬੁੱਲ੍ਹਾਂ 'ਚੋਂ

ਮਹਿਮਾ ਦੇ ਸ਼ਬਦ, ਬਸ਼ੀਰਾਂ ਮਾਈ ਦੀ ਕੀਰਤੀ ਦਾ ਜਸ ਗਾ ਰਹੇ ਸਨ। ਇੱਕ ਉਦਾਸ ਨੀਝ ਲਾ ਕੇ ਅਸੀਂ ਦਰਸ਼ਨ ਕੀਤੇ। ਜੀਵਨ ਤੇ ਮੌਤ ਦਾ ਰਹੱਸ ਸਾਹਮਣੇ ਸੀ। ਪੈਰਾਂ ਵੱਲ ਜਾ ਕੇ ਅਸੀਂ ਨਤਮਸਤਕ ਹੋਏ। ਸਾਰਾ ਕੁਝ ਆਪਣੇ-ਆਪ ਨਾਲ ਗੱਲਾਂ ਕਰ ਰਿਹਾ ਸੀ। ਅਸੀਂ ਕੀਮਤੀ ਦੁਸ਼ਾਲਾ ਅਰਥੀ 'ਤੇ ਓੜ ਦਿੱਤਾ। ਫੁੱਲਾਂ ਅਤੇ ਹਾਰਾਂ ਨਾਲ ਅਰਥੀ ਸਜ ਗਈ। ਵਿੱਚੋਂ ਇੱਕ ਮੀਆਂ ਬੋਲਿਆ, "ਫੁੱਲ 'ਤੇ ਅਸੀਂ ਔਰਤ ਦੀ ਮ੍ਰਿਤਕ-ਦੇਹ 'ਤੇ ਪਾਉਂਦੇ ਹੀ ਨਹੀਂ।" ਇਸਲਾਮੀ ਰਸਮਾਂ ਨਿਭਾਉਣ ਲਈ ਆਇਆ ਹੋਇਆ ਕਾਜ਼ੀ ਬੋਲਿਆ, "ਕੋਈ ਬਾਤ ਨਹੀਂ। ਇਹ ਬਹੁਤ ਸ਼ਰਧਾ ਵੱਜੋਂ ਲੈ ਕੇ ਆਏ ਹਨ, ਰਹਿਣ ਦਿਓ। ਇਹਨਾਂ ਦੀ ਭਾਵਨਾ ਦੀ ਗੱਲ ਹੈ।" ਮੈਨੂੰ ਢਾਰਸ ਜਿਹਾ ਹੋ ਗਿਆ।

ਬਬਾਨ ਦੀ ਸ਼ਕਲ ਵਿੱਚ, ਲੋਕੀਂ ਅਰਥੀ ਲੈ ਕੇ ਕਬਰਸਤਾਨ ਨੂੰ ਤੁਰ ਪਏ। ਪਿੰਡ ਦੀ ਜੂਹ ਦੇ ਛਿਪਦੇ ਪਾਸੇ, ਕਬਰਸਤਾਨ ਨੂੰ

ਲੋਕਾਂ ਦੀ ਭਾਰੀ ਗਿਣਤੀ ਤੁਰੀ ਜਾ ਰਹੀ ਸੀ। ਮੈਂ ਚੁੱਪ-ਚਾਪ ਬੀਤੇ ਸਮਿਆਂ ਦੇ ਵਰਕਿਆਂ ਨੂੰ ਪੜ੍ਹ ਰਿਹਾ ਸੀ। ਇੱਕ ਸਦੀ ਦੀ ਉਮਰ ਨੂੰ ਢੁਕ ਗਈ ਸੀ, ਬਸ਼ੀਰਾਂ ਮਾਈ। ਪਿੰਡ ਦਾਊਂ ਤੋਂ ਜਦੋਂ ਮੈਂ ਆਪਣੀ ਰਹਾਇਸ਼ ਮੁਹਾਲੀ ਕੀਤੀ ਸੀ, ਉਦੋਂ ਮੈਂ ਇਹ ਇੱਛਾ ਬਸ਼ੀਰਾਂ ਮਾਈ ਦੇ ਪਰਿਵਾਰ ਨਾਲ ਸਾਂਝੀ ਕੀਤੀ ਸੀ ਕਿ ਜਦੋਂ ਵੀ ਮਾਈ ਅੰਤਿਮ ਵਿਦਾ ਲਵੇ ਤਾਂ ਸਾਨੂੰ ਜ਼ਰੂਰ ਖ਼ਬਰ ਕਰਨੀ। ਉਂਜ ਵੀ ਮੈਂ ਜਦ ਕਦੇ ਪਿੰਡ ਜਾਣਾ, ਬਸ਼ੀਰਾਂ ਮਾਈ ਕੋਲ ਕੁੱਝ ਪਲ ਬੈਠ ਕੇ ਜ਼ਰੂਰ ਆਉਣਾ। ਉਸ ਨੇ ਸਭ ਦੀ ਖ਼ਬਰ ਸਾਰ ਪੁੱਛਣੀ। ਪਰਿਵਾਰ ਨੇ ਸਾਨੂੰ ਸਮੇਂ ਸਿਰ ਖ਼ਬਰ ਦੇ ਕੇ ਚੰਗਾ ਕੀਤਾ ਸੀ।

1947 ਦੀ ਵੰਡ ਦਾ ਸੰਤਾਪ ਬਸ਼ੀਰਾਂ ਮਾਈ ਨੂੰ ਜਦੋਂ ਚੇਤੇ ਆਉਂਦਾ, ਉਹ ਚੁੱਪ ਹੋ ਜਾਂਦੀ। ਕਹਿਰ ਦੇ ਦਿਨ ਤੇ ਦੁੱਖ ਭਰੀਆਂ ਰਾਤਾਂ। ਕਤਲੋਗਾਰਤ ਦੀ ਕਹਾਣੀ ਦੱਸਦੀ ਦੱਸਦੀ, ਉਹ ਆਪਣੀ ਵਿਛੜੀ ਧੀ ਸ਼ਰੀਫ਼ਨ ਨੂੰ ਯਾਦ ਕਰਕੇ ਆਪਣੇ ਝੋਨੇ ਨਾਲ ਅੱਥਰੂ

ਪੂੰਝਣ ਲੱਗ ਪੈਂਦੀ। ਉਸ ਦੇ ਪੰਜ ਪੁੱਤਰ ਤਾਂ ਇੱਧਰ ਬਚ ਗਏ ਪਰੰਤੂ ਧੀ ਪਾਕਿਸਤਾਨ ਚਲੇ ਗਈ ਜੋ ਮੁੜ ਕਦੇ ਨਾ ਮਿਲੀ ਤੇ ਹੋਰ ਨੇੜੇ ਦੇ ਜੀਅ ਵੱਢੇ-ਟੁੱਕੇ ਗਏ। ਮੁਸਲਮਾਨ ਰਾਈਆਂ ਦਾ ਇਹ ਪਰਿਵਾਰ ਉਦੋਂ ਪੂਰੀ ਸ਼ਾਨ ਨਾਲ ਰਹਿੰਦਾ ਹੁੰਦਾ ਸੀ ਤੇ ਸਾਡੀ ਇਸ ਪਰਿਵਾਰ ਨਾਲ ਬਹੁਤ ਗੂੜ੍ਹੀ ਸਾਂਝ ਸੀ। ਕਾਲੇ ਦਿਨ ਲੰਘ ਗਏ ਤੇ ਇਸ ਪਰਿਵਾਰ ਨੇ ਮੁੜ ਪਿੰਡ ਆ ਕੇ ਵਾਸਾ ਕਰ ਲਿਆ।

ਬਸ਼ੀਰਾਂ ਮਾਈ ਦੀ ਸਾਰੇ ਪਿੰਡ ਨਾਲ ਸਾਂਝ ਸੀ। ਕਿਸੇ ਦਾ ਦੁਖ-ਸੁਖ ਹੁੰਦਾ, ਬਸ਼ੀਰਾਂ ਜਾ ਖੜ੍ਹਦੀ। ਵਿਆਹ ਮੌਕੇ ਸਿਹਰਾ ਗੁੰਦ ਕੇ ਫੁੱਲਾਂ ਦੀ ਸੁਗੰਧੀ ਵੰਡਦੀ, ਜੋ ਕੁਝ ਕੋਈ ਦੇਂਦਾ, ਉਸ ਨੂੰ ਨਮਸਕਾਰ ਕਰਕੇ ਪ੍ਰਵਾਨ ਕਰਦੀ। ਕੋਈ ਔਰਤ ਕਿਸੇ ਕੰਮ ਲਈ ਆਖਦੀ, ਜਾ ਹੱਥ ਵਟਾਉਂਦੀ ਜਿਵੇਂ ਉਸ ਉੱਤੇ ਸਭ ਦਾ ਅਧਿਕਾਰ ਹੋਵੇ। ਨਿਮਰ ਸੁਭਾਅ ਸਲੀਕੇ ਨਾਲ ਕੰਮ ਕਰਨ ਦੀ ਸੂਝ। ਕਿਸੇ

ਦੀ ਚੁਗਲੀ ਨਿੰਦਿਆ ਤਾਂ ਕਰਨੀ ਹੀ ਕੀ। ਖ਼ੁਸ਼ੀ ਦੇ ਸਮਾਗਮ 'ਤੇ ਹਰ ਕਿਸੇ ਦੇ ਬੂਹੇ ਸ਼ੁਭ-ਇੱਛਾਵਾਂ ਦੇਣ ਵਾਲੀ। ਸਭ ਧਰਮਾਂ ਨੂੰ ਸਤਿਕਾਰਨ ਵਾਲੀ ਪਰੰਤੂ ਆਪਣੇ ਧਰਮ ਵਿੱਚ ਪੱਕੀ। ਨਮਾਜ਼ ਪੜ੍ਹਦੀ ਪਰ ਕਿਸੇ ਨੂੰ ਰਤਾ ਭਰ ਵੀ ਪਤਾ ਨਾ ਲੱਗਣ ਦੇਂਦੀ। ਬਿਰਧ ਉਮਰੇ ਵੀ ਰੋਜ਼ੇ ਰੱਖਦੀ। ਅਖ਼ੀਰ ਦਮ ਤੱਕ ਕੰਮ ਕਰਦੀ ਰਹੀ। ਦਰ ਸੰਭਰਨਾ, ਭਾਂਡੇ ਮਾਂਜ ਕੇ ਸੁੱਚੇ ਰੱਖਣੇ। ਈਮਾਨਦਾਰ ਏਨੀ ਕਿ ਸਬਰ ਸੰਤੋਖ ਦੀ ਮੂਰਤ। ਹਰ ਕੋਈ ਉਸਦੀ ਤਾਰੀਫ਼ ਕਰਦਾ। ਪਿੰਡ ਦੀ ਸਾਂਝੀ ਮਾਂ-ਗੂੜ੍ਹੀ ਛਾਂ। ਮੇਰੇ ਦੋਵੇਂ ਬੱਚੇ (ਬੇਟਾ-ਬੇਟੀ) ਬਸ਼ੀਰਾਂ ਮਾਈ ਨੇ ਬਹੁਤ ਲਾਡ ਨਾਲ ਪਾਲੇ ਸਨ।

ਅਸੀਂ ਕਬਰਸਤਾਨ ਪੁੱਜ ਗਏ। ਕਬਰ ਪੁੱਟੀ ਜਾ ਚੁੱਕੀ ਸੀ। ਅੰਤਮ ਰਸਮ ਬਾਕੀ ਸੀ। ਬਹੁਤ ਅਦਬ ਨਾਲ ਅਰਥੀ ਤੋਂ ਸਪੁਰਦੇ-ਖ਼ਾਕ ਲਈ ਦੇਹ ਟਿਕਾ ਦਿੱਤੀ। ਕਬਰ ਅੰਦਰੋਂ ਫੁੱਲ ਉਤਾਰਨ ਦਾ ਮਸਲਾ ਆਇਆ। "ਨਹੀਂ, ਨਹੀਂ, ਫੁੱਲਾਂ ਦੇ ਹਾਰ ਏਦਾਂ ਹੀ ਰਹਿਣ

ਦਿਓ।" ਕਾਜ਼ੀ ਦਾ ਫੁਰਮਾਨ ਸੀ। ਮੇਰਾ ਗੱਚ ਹੋਰ ਵੀ ਭਰ ਗਿਆ। ਕਬਰ ਮਿੱਟੀ ਨਾਲ ਪੂਰ ਦਿੱਤੀ ਗਈ। ਇੱਕ ਸੁੱਚੀ ਆਤਮਾ ਨੂੰ ਵਿਦਾ ਕਰ ਅਸੀਂ ਪਰਤ ਆਏ। ਧਰਮ ਤਾਂ ਜਿਊਂਦੇ ਬੰਦਾ ਦਾ ਹੈ, ਮੋਏ ਦਾ ਤਾਂ ਕੋਈ ਧਰਮ ਨਹੀਂ। ਉਹ ਤਾਂ ਮਨੁੱਖ ਹੁੰਦਾ ਹੈ। ਨੂਰ ਨੇ ਨੂਰ 'ਚ ਸਮਾਣਾ ਹੁੰਦਾ ਹੈ। ਮੈਂ ਮਹਿਸੂਸ ਕੀਤਾ ਕਿ ਇਨਸਾਨ ਧਰਮ ਨਾਲੋਂ ਵੱਡਾ ਹੁੰਦਾ ਹੈ। ਬਸ਼ੀਰਾਂ ਮਾਈ ਦੀ ਜੀਵਨ-ਸ਼ੈਲੀ ਕਬਰ 'ਚੋਂ ਮਹਿਕਦੇ ਫੁੱਲਾਂ ਦੀ ਖ਼ੁਸ਼ਬੂ ਵੰਡ ਰਹੀ ਸੀ।

❑



ਵੇਖ ਫਰੀਦਾ ਮੇਰਿਆ, ਮੈਂ ਕੀਕਣ ਦੱਸਾਂ
ਗਲੇ ਵਲੂੰਧਰੇ ਅੰਦਰੋਂ, ਮੈਂ ਕੀਕਣ ਦੱਸਾਂ,
ਤੱਕ ਫਰੀਦਾ ਮੇਰਿਆ, ਕੀ ਕਹਿਰ ਕਮਾਇਆ
ਮਾਂ ਨੂੰ ਮਾਰਨ ਆ ਗਿਆ, ਅੱਜ ਮਾਂ ਦਾ ਹੀ ਜਾਇਆ।

**- ਅਨੂਪ ਵਿਰਕ**

# ਕਰੀਮ ਬਖ਼ਸ਼

ਸਾਡੇ ਘਰ ਦੇ ਨੇੜੇ ਲਗਭਗ ਦਸ ਮੁਸਲਮਾਨ ਪਰਿਵਾਰਾਂ ਦੇ ਘਰ ਸਨ। ਸਾਡਾ ਉਨ੍ਹਾਂ ਨਾਲ ਗੂੜ੍ਹਾ ਸਹਿਚਾਰ ਸੀ। ਅਸੀਂ ਮੁੰਡੇ ਕੁੜੀਆਂ ਰਲ-ਮਿਲ ਖੇਡਦੇ ਤੇ ਇੱਕ-ਦੂਜੇ ਦੇ ਘਰ ਖਾਣਾ ਵੀ ਖਾ ਲੈਂਦੇ। ਮੈਨੂੰ ਇਹ ਵੀ ਚੇਤੇ ਹੈ ਜਦੋਂ ਮੈਥੋਂ ਅਣਗਹਿਲੀ ਕਾਰਨ ਘਰ ਦੀਆਂ ਛਪਰੀਆਂ ਨੂੰ ਅੱਗ ਲੱਗ ਗਈ ਸੀ ਤੇ ਮਕਾਨ ਅੱਗ ਦੀ ਲਪੇਟ ਵਿੱਚ ਆ ਗਿਆ ਸੀ ਤਾਂ ਸਾਰੇ ਗੁਆਂਢੀ ਮੁਸਲਮਾਨਾਂ ਨੇ ਅੱਗ ਬੁਝਾਣ ਤੇ ਸਾਮਾਨ ਸਾਂਭਣ ਵਿੱਚ ਪੂਰਾ-ਪੂਰਾ ਸਹਿਯੋਗ ਦਿੱਤਾ ਸੀ। ਹੱਲਿਆਂ ਦੇ ਦਿਨਾਂ ਵਿੱਚ ਅਸੀਂ ਕੋਠਿਆਂ 'ਤੇ ਚੜ੍ਹ ਜਾਂਦੇ ਤੇ ਬੜੀਆਂ ਹੀ ਕਤਲੋ-ਗਾਰਤ ਅਤੇ ਅੱਗਾਂ ਲਾਉਣ ਤੇ ਲੁਟਾਂ-ਖੋਹਾਂ ਦੀਆਂ ਖ਼ਬਰਾਂ ਸੁਣਦੇ। ਅਸੀਂ ਛੋਟੇ ਬੱਚੇ ਬਾਹਰ ਨਿਕਲਣ ਤੋਂ ਡਰਦੇ। ਇਹ ਮਾਰੂ ਦੌਰ ਦੋ ਕੁ

ਮਹੀਨੇ ਰਿਹਾ ਤੇ ਮੁਸਲਮਾਨ ਪਰਿਵਾਰਾਂ ਨੂੰ ਪਾਕਿਸਤਾਨ ਜਾਣ ਦਾ ਹੁਕਮ ਹੋ ਗਿਆ। ਤੀਜਾ ਪਹਿਰ ਸੀ ਜਦੋਂ ਸਾਡੇ ਪਿੰਡ ਦਾਊਂ ਦੇ ਮੁਸਲਮਾਨ ਪਰਿਵਾਰ ਘਰ-ਬਾਰ ਛੱਡ ਕੇ, ਗੱਠੜੀਆਂ ਸਿਰਾਂ 'ਤੇ ਚੁੱਕੀ, ਰੋਂਦੇ-ਕੁਰਲਾਂਦੇ ਖਰੜ ਕੈਂਪ ਨੂੰ ਜਾ ਰਹੇ ਸਨ। ਕੋਠਿਆਂ ਤੇ ਗਲੀਆਂ 'ਚ ਖੜ੍ਹੇ ਲੋਕ ਭਰੇ ਮਨਾਂ ਨਾਲ ਉਨ੍ਹਾਂ ਨੂੰ ਵਿਦਾ ਕਰ ਰਹੇ ਸਨ। ਸਾਰਾ ਪਿੰਡ ਹੀ ਹੰਝੂਆਂ ਨਾਲ ਭਿੱਜ ਗਿਆ ਸੀ। ਮੇਰਾ ਗੁਆਂਢੀ ਹਾਣੀ ਘੁੱਦਾ ਆਪਣੇ ਅੱਬਾ ਦੀ ਉਂਗਲੀ ਫੜੀਂ ਜਦੋਂ ਸਾਡੇ ਘਰ ਅੱਗੋਂ ਲੰਘਿਆ ਤਾਂ ਮੇਰੇ ਅੱਥਰੂ ਵੀ ਡਿੱਗੇ ਸਨ। ਮੈਂ ਚੁੱਪਚਾਪ ਸਭ ਕੁਝ ਵੇਖ ਰਿਹਾ ਸਾਂ। ਮੋਹਤਬਰ ਬੰਦਿਆਂ ਨੇ ਬੜੀ ਸੁਰੱਖਿਅਤਾ ਨਾਲ ਮੁਸਲਮਾਨੀ ਕਾਫ਼ਲੇ ਨੂੰ ਖਰੜ-ਕੈਂਪ 'ਚ ਪੁੱਜਦਾ ਕੀਤਾ ਉਹ ਕੀਤੇ ਪਰਉਪਕਾਰ ਨੂੰ ਕਦੇ ਭੁੱਲ ਨਹੀਂ ਸਕੇ। ਮੈਨੂੰ ਯਾਦ ਹੈ, ਉਸ ਸਾਲ ਬਾਰਸ਼ਾਂ ਬਹੁਤ ਪਈਆਂ। ਕੁਦਰਤ ਨੇ ਲਾਲ-ਰੰਗੀ ਧਰਤੀ ਨੂੰ ਧੋਅ ਦਿੱਤਾ। ਸਾਡੇ ਪਿੰਡੋਂ ਉੱਤਰ-

ਪੱਛਮ ਵੱਲ ਡੇਢ ਕੁ ਕਿਲੋਮੀਟਰ ਸੀਂਹ ਵਾਲੀ ਥਾਂ 'ਤੇ ਆਲੇ-ਦੁਆਲੇ ਦੇ ਮੁਸਲਮਾਨਾਂ ਦੀ ਕਾਫ਼ੀ ਵੱਢ-ਟੁੱਕ ਕੀਤੀ ਗਈ, ਅਸੀਂ ਗੱਲਾਂ ਸੁਣਕੇ ਡਰ ਜਾਂਦੇ। ਮੈਂ ਕਾਫ਼ੀ ਮਹੀਨਿਆਂ ਬਾਅਦ ਉੱਥੇ ਡੰਗਰ ਚਰਾਂਦਿਆਂ, ਵੱਢੀਆਂ ਗੁੱਤਾਂ, ਹੱਡ, ਖੋਪਰੀਆਂ ਤੇ ਸਰੀਰਕ ਹੱਡੀਆਂ ਵੇਖਕੇ ਦਹਿਲ ਜਾਂਦਾ। ਬਜ਼ੁਰਗ ਕਹਿੰਦੇ ਉੱਥੇ ਤਾਂ ਮਰਿਆ ਬੰਦਿਆਂ ਦੇ ਹਾੜ ਬੋਲਦੇ ਰਾਤਾਂ ਨੂੰ। ਅਸੀਂ ਸੁਣਕੇ ਚੁੱਪ ਕਰ ਜਾਂਦੇ।

ਉਜੜੇ ਘਰਾਂ ਨੂੰ ਜਿੰਦਰੇ ਲਾ ਦਿੱਤੇ ਗਏ। ਜਿੰਦਰੇ 'ਤੇ ਚਿੱਟਾ ਕੱਪੜਾ ਬੰਨ੍ਹ ਕੇ ਲਾਖ ਨਾਲ ਸੀਲ ਕਰ ਦਿੱਤਾ ਜਾਂਦਾ। ਫਿਰ ਸਰਕਾਰੀ ਹੁਕਮਾਂ ਅਨੁਸਾਰ ਉਨ੍ਹਾਂ ਘਰਾਂ ਦੇ ਜਿੰਦਰੇ ਖੋਲ੍ਹ ਸਾਮਾਨ ਦੀਆਂ ਲਿਸਟਾਂ ਤਿਆਰ ਕੀਤੀਆਂ ਗਈਆਂ। ਇਹ ਜ਼ਿੰਮੇਵਾਰੀ ਦਾ ਕੰਮ ਮੇਰੇ ਪਿਤਾ ਜੀ (ਸ. ਸਰੂਪ ਸਿੰਘ), ਨੰਬਰਦਾਰ ਬਸੰਤ ਸਿੰਘ, ਚੌਕੀਦਾਰ ਰੱਬਲ ਸਿੰਘ ਤੇ ਸਰਕਾਰੀ ਬੰਦਿਆਂ ਦੀ

ਨਿਗਰਾਨੀ ਹੇਠ ਕੀਤਾ ਗਿਆ। ਸਾਡੀ ਗਲੀ 'ਚ ਰਹਿੰਦੇ ਕਰੀਮ ਬਖ਼ਸ਼ ਦਾ ਘਰ ਮੈਨੂੰ ਹੁਣ ਵੀ ਯਾਦ ਆ ਜਾਂਦਾ ਹੈ ਜਿਹੜਾ ਹੁਣ ਰੌਣਕ ਸਿੰਘ ਨੇ ਖਰੀਦ ਕੇ ਕਬਜ਼ਾ ਕੀਤਾ। ਬਾਰਸ਼ਾਂ ਤੋਂ ਬਾਅਦ ਘਰਾਂ ਦੇ ਸਾਮਾਨ ਦੀਆਂ ਲਿਸਟਾਂ ਅਨੁਸਾਰ ਸਾਮਾਨ ਦੀ ਬੋਲੀ ਕੀਤੀ। ਪਿਤਾ ਜੀ ਨੇ ਵੀ ਹੈਦਰਅਲੀ ਦੇ ਘਰ 'ਚੋਂ ਬਣਦੀ ਰਕਮ ਦੇ ਕੇ ਇੱਕ ਸ਼ਾਨਦਾਰ ਅਲਮਾਰੀ ਤੇ ਇੱਕ ਵੱਡਾ ਸੂਤ ਦਾ ਬਣਿਆ ਮੰਜਾ ਖਰੀਦਿਆਂ, ਕੋਈ ਵੀ ਵਸਤ ਮੁਫ਼ਤ ਨਹੀਂ ਲਿੱਤੀ ਸਗੋਂ ਕਈ ਘਰਾਂ ਨੂੰ ਬਾਰਸ਼ ਮੌਕੇ ਢੱਠਣ ਨਹੀਂ ਦਿੱਤਾ। ਕਈ ਘਰ ਖੋਲੇ ਹੋ ਗਏ। ਅਸੀਂ ਉਨ੍ਹਾਂ ਘਰਾਂ 'ਚ ਖੇਡਣ-ਦੌੜਣ ਕਰਦੇ ਰਹਿੰਦੇ। ਅੱਧੇ ਕੁ ਮੁਸਲਮਾਨ ਪਰਿਵਾਰ ਠੰਢ-ਠੇਰ ਤੋਂ ਬਾਅਦ ਕੁਰਾਲੀ-ਕੈਂਪ 'ਚੋਂ ਵਾਪਸ ਵੀ ਲਿਆਂਦੇ ਗਏ ਤੇ ਕੁਝ ਪਾਕਿਸਤਾਨ ਚਲੇ ਗਏ। ਕਰੀਮ ਬਖਸ਼ ਤੇ ਉਸਦਾ ਪਰਿਵਾਰ ਵੀ ਵਤਨੋਂ ਬੇ-ਵਤਨ ਹੋ ਗਿਆ। ਉਸ ਦੀ ਕੂਕ-ਪੁਕਾਰ ਮੈਨੂੰ ਹੁਣ ਵੀ ਯਾਦ ਹੈ : "ਓ

ਲੋਕੋ, ਸਾਨੂੰ ਬਚਾ ਲਓ, ਅਸੀਂ ਪਿੰਡ ਛੱਡਣਾ ਨਹੀਂ ਚਾਹੁੰਦੇ, ਖ਼ੁਦਾ ਦਾ ਵਾਸਤਾ ਈ, ਰੋਕ ਲਵੋ।" ਕਰੀਮ ਬਖ਼ਸ਼ ਦੇ ਅੱਥਰੂ ਵਹਿ ਰਹੇ ਸਨ। ਉਹ ਦਿਨ ਲੰਘਿਆ, ਮਹੀਨੇ ਲੰਘੇ, ਸਾਲ ਲੰਘ ਗਏ, ਜ਼ਖ਼ਮਾਂ ਨੇ ਕਿੰਝ ਭਰਨਾ ਸੀ। ਬਟਵਾਰੇ ਦਾ ਦਰਦ ਭੁਲਾਇਆ ਨਹੀਂ ਜਾਂਦਾ। ਧਰਤੀ ਨੂੰ ਸਾਹ ਆਇਆ, ਦਰਿਆਵਾਂ ਦੇ ਪਾਣੀ ਨਿਰਮਲ ਹੋਏ, ਪੌਣਾਂ 'ਚ ਠੰਢਕ ਆਈ। ਸਰਕਾਰਾਂ ਨੂੰ ਸ਼ਰਮ ਕੀ ਆਉਣੀ ਸੀ। ਲੋਕਾਂ 'ਚ ਮੁਹੱਬਤ ਜਾਗੀ। ਖ਼ੂਨੀ ਹੋਏ ਰਿਸ਼ਤੇ, ਮਨੁੱਖ ਆਪ ਧੋਣ ਲੱਗਿਆ। ਸਰਹੱਦਾਂ 'ਤੇ ਆਉਣ-ਜਾਣ ਦੇ ਦਰ ਖੁੱਲ੍ਹਣ ਲੱਗੇ। ਪੰਜਾਬ ਦੀ ਤ੍ਰਾਸਦੀ ਅਜੀਬ ਸੀ।

ਕਰੀਮ ਬਖ਼ਸ਼ ਨੂੰ ਵੀ ਇੱਕ ਦਿਨ ਆਪਣੇ ਪਿੰਡ ਦਾਊਂ ਦੀ ਮੁਹੱਬਤੀ-ਹਾਕ ਨੇ ਝੰਜੋੜਿਆ। ਕਾਗਜ਼ਾਤ ਪੂਰੇ ਕਰਕੇ ਉਸਨੇ ਪਾਕਿਸਤਾਨ ਤੋਂ ਆਉਣ ਦਾ ਮਨ ਬਣਾ ਲਿਆ। ਇਹ ਗੱਲ ਕਰੀਬ 1953 ਦੀ ਹੈ। ਕਰੀਮ ਬਖ਼ਸ਼ ਦੇ ਆਉਣ ਦੀ ਖ਼ਬਰ ਪਿੰਡ

ਲਈ ਖ਼ੁਸ਼ੀ ਵਾਲੀ ਸੀ। ਉਹ ਸਾਰਿਆਂ ਨੂੰ ਮਿਲਦਾ ਰਿਹਾ ਤੇ ਦੁੱਖ-ਸੁੱਖ ਸਾਂਝਾ ਕਰਦਾ ਰਿਹਾ। ਆਪਣੀ ਦਰਦ ਕਹਾਣੀ ਸੁਣਾਉਂਦਾ ਰਿਹਾ। ਸਾਡੇ ਘਰ ਉਹ ਸ਼ਾਮ ਵੇਲੇ ਆਇਆ ਤੇ ਰਾਤ ਸਾਡੇ ਘਰ ਕੱਟੀ। ਪਿਤਾ ਜੀ ਨਾਲ ਉਸ ਦੀ ਮਿੱਤਰਤਾ ਸੀ। ਮੈਨੂੰ ਯਾਦ ਹੈ ਕਿ ਖਾਣਾ ਖਲਾਉਣ ਤੋਂ ਬਾਅਦ ਅਸੀਂ ਸਾਰੇ ਮੈਂਬਰ ਮੰਜਿਆਂ 'ਤੇ ਬੈਠ ਕਰੀਮ ਬਖ਼ਸ਼ ਦੀਆਂ ਗੱਲਾਂ ਸੁਣਨ ਲਈ ਉਤਾਵਲੇ ਸੀ। ਸਰਦੀ ਦੀ ਰੁੱਤ ਸੀ, ਅਸੀਂ ਰਜਾਈਆਂ 'ਚ ਬੈਠੇ ਨਿੱਘ ਮਾਣ ਰਹੇ ਸੀ। ਕਰੀਮ ਬਖ਼ਸ਼ ਨੇ ਜੋ ਦੱਸਿਆ ਅਚੰਭਾ ਤੇ ਦਰਦ-ਵਿੰਨਵਾਂ ਸੀ। ਸੁਣੋ :

"ਕੁਰਾਲੀ ਕੈਂਪ 'ਚ ਖ਼ਾਲਸਾ ਸਕੂਲ ਕੁਰਾਲੀ ਦੇ ਪਿਛਲੇ ਪਾਸੇ ਬਾਗ਼ਾਂ 'ਚ ਸਾਡੀ ਠਹਿਰ ਸੀ। ਕਈ ਮਹੀਨੇ ਖਾਣ-ਪੀਣ ਦਾ ਬੰਦੋਬਸਤ ਨਾ ਰਿਹਾ। ਅਸੀਂ ਅੰਬਾਂ ਦੇ ਪੱਤੇ ਖਾ-ਖਾ ਰੁੰਡ-ਮੁੰਡ ਕਰ ਦਿੱਤੇ। ਭੁੱਖਮਰੀ ਨਾਲ ਮੌਤਾਂ ਹੋਣ ਲੱਗੀਆਂ। ਬਾਰਸ਼ਾਂ

ਕਾਰਨ ਸਾਡਾ ਹਾਲ ਬੇਹਾਲ ਹੋ ਗਿਆ। ਉਪਰੋਂ ਠੰਢ ਉਤਰ ਆਈ। ਤਨ ਢਕਣ ਨੂੰ ਕੱਪੜੇ ਨਾ ਰਹੇ। ਔਰਤਾਂ ਦਾ ਨੰਗੇਜ਼ ਵੇਖਿਆ ਨਹੀਂ ਸੀ ਜਾਂਦਾ। ਮੁਟਿਆਰਾਂ ਦੇ ਅੰਗ ਸਾਨੂੰ ਨਿਰਲੱਜ ਕਰਨ ਲੱਗੇ। ਅੱਖਾਂ ਅੱਗੇ ਹੱਥ ਧਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਕਈ-ਕਈ ਲਾਸ਼ਾਂ ਨੂੰ ਇਕੱਠਿਆਂ ਹੀ ਕਬਰਾਂ 'ਚ ਸਮੇਟਣਾ ਪਿਆ। ਕੁਰਾਲੀ ਤੋਂ ਕਾਫ਼ਲੇ ਦੇ ਰੂਪ ਵਿੱਚ ਰੋਪੜ ਸਟੇਸ਼ਨ 'ਤੇ ਪੁਜਾਇਆ ਗਿਆ ਪਰੰਤੂ ਰਸਤੇ ਵਿੱਚ ਵੀ ਦੰਗਾ ਫਸਾਦੀਆਂ ਨੇ ਸਾਡੇ 'ਤੇ ਹਮਲੇ ਕੀਤੇ ਤੇ ਕਈ ਜਾਨਾਂ ਸਦਾ-ਸਦਾ ਲਈ ਵਿਛੜ ਗਈਆਂ। ਸੁੱਖ ਦਾ ਸਾਹ ਕਿਵੇਂ ਆਉਣਾ ਸੀ। ਰੋਪੜ ਤੋਂ ਰੇਲ ਦਾ ਸਫ਼ਰ ਲਾਹੌਰ ਸਟੇਸ਼ਨ ਤੱਕ ਨਰਕ ਵਾਲਾ ਬੀਤਿਆ। ਇਹ ਸਫ਼ਰ ਨਹੀਂ ਨਰਕ-ਕੁੰਡ 'ਚ ਸੁੱਟਣ ਵਾਲੀ ਗੱਲ ਸੀ।"

ਵਾਰਤਾ ਸੁਣਾਉਂਦਿਆਂ ਕਰੀਮ ਬਖ਼ਸ਼ ਦੇ ਅੱਥਰੂ ਵੱਗਣ ਲੱਗੇ ਤੇ ਅਸੀਂ ਵੀ ਕਈ ਵੇਰ ਆਪਣੀਆਂ ਅੱਖਾਂ ਪੂੰਝੀਆਂ। ਬੇਬੇ

ਨੇ ਕਰੀਮ ਬਖ਼ਸ਼ ਨੂੰ ਪੀਣ ਲਈ ਪਾਣੀ ਦਿੱਤਾ ਤੇ ਫਿਰ ਸਾਨੂੰ ਸਾਰਿਆਂ ਨੂੰ ਚਾਹ ਲਿਆਣ ਧਰੀ। "ਕਰੀਮ ਬਖ਼ਸ਼ ਉੱਧਰ ਤਾਂ ਤੁਹਾਨੂੰ ਚੰਗੀ ਤਰ੍ਹਾਂ ਸਾਂਭਿਆ ਹੋਵੇਗਾ ?" ਪਿਤਾ ਜੀ ਨੇ ਪੁੱਛਿਆ।


"ਕੀ ਦੱਸਾਂ ਮਾਸਟਰ ਜੀ, ਤੁਹਾਡੇ ਵਰਗੀ ਮੁਹੱਬਤ ਕਿੱਥੇ ਹੈ, ਉਸ ਧਰਤੀ 'ਤੇ।" ਹਉਕਾ ਭਰਦਿਆਂ ਕਰੀਮ ਬਖ਼ਸ਼ ਬੋਲਿਆ।ਉਹ ਪਿਤਾ ਜੀ ਨੂੰ ਮਾਸਟਰ ਜੀ ਕਹਿਕੇ ਹੀ ਸੰਬੋਧਨ ਕਰਦਾ ਹੁੰਦਾ ਸੀ ਕਿਉਂਕਿ ਪਿਤਾ ਜੀ ਖ਼ਾਲਸਾ ਸਕੂਲ ਖਰੜ ਪੜ੍ਹਾਉਂਦੇ ਸਨ ਤੇ ਕਰੀਮ ਬਖ਼ਸ਼ ਨੇ ਗੁਰਮੁਖੀ ਲਿਖਣੀ ਵੀ ਪਿਤਾ ਜੀ ਤੋਂ ਹੀ ਸਿੱਖੀ ਸੀ।

"ਲਾਹੌਰ ਸਟੇਸ਼ਨ 'ਤੇ ਸਾਨੂੰ ਫ਼ੌਜ ਤੇ ਪੁਲਿਸ ਨੇ ਭੈੜੀਆਂ ਨਜ਼ਰਾਂ ਨਾਲ ਵੇਖਿਆ ਜਿਵੇਂ ਅਸੀਂ ਮੁਸਲਮਾਨ ਨਾ, ਹੋਰ ਕੋਈ ਕੌਮ ਦੇ ਹੋਈਏ। ਸਾਨੂੰ ਮਹਾਜਰ (ਉਜੜੇ ਹੋਏ) ਕਿਹਾ ਜਾਂਦਾ ਸੀ। ਉੱਥੇ ਵੀ ਧੀਆਂ ਤੇ ਔਰਤਾਂ ਦੀਆਂ ਪੱਤਾਂ ਲੁੱਟੀਆਂ ਗਈਆਂ। ਲਾਲਚ ਵਸ ਬੜਾ ਕੁਝ ਕੀਤਾ ਗਿਆ। ਉੱਥੇ ਤੰਬੂਆਂ 'ਚ ਕਈ

ਮਹੀਨੇ ਰਹੇ। ਬਹੁਤ ਗਰੀਬੀ ਕੱਟੀ ਤੇ ਦੁੱਖ ਝੱਲੇ। ਮਨੁੱਖ, ਮਨੁੱਖ ਦਾ ਵੈਰੀ ਬਣਿਆ। ਚਲੋ, ਫੇਰ ਮਕਾਨ ਅਲਾਟ ਹੋਏ, ਵਿਤਕਰੇ ਹੋਏ। ਸ਼ਾਹ ਬੰਦਿਆਂ ਨੇ ਸਾਡੇ ਨਾਲ ਮਨ-ਮਾਨੀ ਕੀਤੀ। ਆਖ਼ਰ ਅਸੀਂ ਆਪਣੀਆਂ ਜੜ੍ਹਾਂ ਤਾਂ ਲਾਉਣੀਆਂ ਹੀ ਸਨ।" ਬੋਲਦਿਆਂ-ਬੋਲਦਿਆਂ ਕਰੀਮ ਬਖ਼ਸ਼ ਦਾ ਗੱਚ ਭਰ ਆਇਆ। ਜਿਵੇਂ ਅੱਗੇ ਹੋਰ ਦੱਸਣਾ ਨਾ ਚਾਹੁੰਦਾ ਹੋਵੇ। ਸਰਕਾਰਾਂ ਦਾ ਡਰ ਵੀ ਮਨੁੱਖ ਨੂੰ ਚੁੱਪ ਹੋਣ ਲਈ ਮਜ਼ਬੂਰ ਕਰ ਦਿੰਦਾ ਹੈ।

"ਅੱਲਾ ਦਾ ਸ਼ੁਕਰ ਹੈ, ਜਾਨ ਬਚ ਗਈ। ਪਰਿਵਾਰ ਬਚ ਗਿਆ। ਸਦਾ ਤਾਂ ਬੈਠਿਆਂ ਨਹੀਂ ਰਹਿਣਾ। ਕਬਰ ਤਾਂ ਉਡੀਕ ਦੀ ਹੀ ਹੈ। ਬੰਦਾ ਬਦਖੋਈਆਂ ਤੋਂ ਨਹੀਂ ਡਰਦਾ। ਖ਼ੁਦਾ ਦਾ ਪੈਗ਼ਾਮ ਤਾਂ ਪ੍ਰੇਮ ਹੈ। ਇਨਸਾਨੀਅਤ ਤੋਂ ਉੱਪਰ ਕੁਝ ਨਹੀਂ...।" ਇਹ ਗੱਲਾਂ ਸੁਣ ਕੇ ਸਾਰਿਆਂ ਨੂੰ ਧਰਵਾਸ ਹੋਇਆ। ਰਾਤ ਕਾਫ਼ੀ ਹੋ ਗਈ ਸੀ। ਇੱਕ ਗੁੱਥਲੀ ਕਰੀਮ ਬਖ਼ਸ਼ ਨੇ ਪਿਤਾ ਜੀ ਨੂੰ ਭੇਟ

ਕੀਤੀ ਜਿਸ ਵਿੱਚ ਬਦਾਮ ਤੇ ਦਾਖਾਂ (ਸੌਗੀ) ਸਨ। "ਮੇਰੇ ਵੱਲੋਂ ਬੱਸ ਇਹੋ ਸੁਗਾਤ ਪ੍ਰਵਾਨ ਕਰਨਾ।" ਬਾ-ਅਦਬ ਪਿਤਾ ਜੀ ਨੇ ਗੁਥਲੀ ਸਾਂਭੀ। ਸਾਰੇ ਅਰਾਮ ਕਰਨ ਲਈ ਸੌਂ ਗਏ। ਸਵੱਖਤੇ ਕਰੀਮ ਬਖ਼ਸ਼ ਨੇ ਸਵੱਛ ਹੋ ਕੇ ਇੱਕ ਚਾਦਰ ਵਿਛਾ ਨਿਮਾਜ਼ ਪੜ੍ਹੀ। ਨਾਸ਼ਤਾ ਕੀਤਾ। ਮਾਤਾ ਜੀ ਨੇ ਤੁਰਨ ਵੇਲੇ ਇੱਕ ਫੁਲਕਾਰੀ ਕਰੀਮ ਬਖ਼ਸ਼ ਨੂੰ ਯਾਦ ਨਿਸ਼ਾਨੀ ਵੱਜੋਂ ਦਿੱਤੀ। ਪਿਤਾ ਜੀ ਉਸ ਨੂੰ ਦਰਵਾਜ਼ੇ ਤੱਕ ਛੱਡਣ ਜਾ ਰਹੇ ਸਨ। ਗਲੀ 'ਚ ਜਾਂਦੇ-ਜਾਂਦੇ ਕਰੀਮ ਬਖ਼ਸ਼ ਆਪਣੇ ਪੁਰਾਣੇ ਘਰ ਅੱਗੇ ਰੁਕ ਗਿਆ ਤੇ ਯਾਦਾਂ 'ਚ ਗੁੰਮ ਗਿਆ। ਮਜਬੂਰੀ ਵਸ ਕਰੀਮ ਬਖ਼ਸ਼ ਆਪਣੇ ਅਸਲ ਵਤਨ ਪਿੰਡ ਦਾਊਂ ਤੋਂ ਦੂਸਰੇ ਵਤਨ ਨੂੰ ਵਿਦਾ ਹੋ ਰਿਹਾ ਸੀ। ਉਸ ਦਾ ਪਰਛਾਵਾਂ ਪਿੱਛੇ ਤੁਰ ਰਿਹਾ ਸੀ ਤੇ ਕਦਮ ਅੱਗੇ ਪੁੱਟੇ ਜਾ ਰਹੇ ਸਨ। ਕਰੀਮ ਬਖ਼ਸ਼ ਦੀ ਇਹ ਅੰਤਿਮ ਤੇ ਆਖ਼ਰੀ ਫੇਰੀ ਸੀ। ਅਸਲ ਵਿੱਚ ਭਲਾ ਪੁਰਸ਼ ਕਰੀਮ ਬਖ਼ਸ਼ ਆਪਣੀ ਜਨਮ-ਭੋਇੰ ਦਾ ਰਿਣ ਉਤਾਰਨ ਆਇਆ ਸੀ।



ਨਰਮੇ ਦੇ ਖੇਤ ਨਾਲੋਂ ਲੂਸੀਆਂ ਕਪਾਹਵਾਂ ਨੇ
ਆਲ੍ਹਣੇ 'ਚ ਬੋਟ ਫੂਕੇ ਤੱਤੀਆਂ ਹਵਾਵਾਂ ਨੇ,
ਹਿੱਕ 'ਚ ਤਰਾਟ ਉੱਠੇ ਤਿੱਖੇ ਤੀਰ ਦੀ
ਲੀਰੋ-ਲੀਰ ਚੁੰਨੀ ਮੇਰੀ, ਪਾਟੀ ਪੱਗ ਵੀਰ ਦੀ।

– ਪ੍ਰੋ. ਗੁਰਭਜਨ ਗਿੱਲ

# ਇੱਕ ਇਲਾਚੀ ਇੱਕ ਛੁਆਰਾ

ਚੰਨ ਨੇ ਅਜੇ ਕੋਈ ਨੌਂ ਕੁ ਵਜੇ ਚੜ੍ਹਨਾ ਸੀ ਤੇ ਬਾਹਰ ਆਕਾਸ਼ 'ਤੇ ਹਨ੍ਹੇਰਾ ਸੀ। ਰੋਜ਼ ਦੀ ਤਰ੍ਹਾਂ ਮੈਂ ਅੱਜ ਵੀ ਖੇਤਾਂ ਵੱਲ ਫੇਰਾ ਮਾਰਨ ਹੋ ਤੁਰਿਆ। ਲੋਕ ਵੀ ਤਾਂ ਅਜੇ ਜਾਗਦੇ ਆਪਣੇ-ਆਪਣੇ ਕੰਮ ਕਰਦੇ ਫਿਰਦੇ ਸਨ। ਪਿੰਡ ਦੀ ਫਿਰਨੀ ਟੱਪ ਕੇ ਮੈਂ ਛੱਪੜ ਦੀ ਪਾਲ-ਪਾਲ ਕਦਮ ਧਰਦਾ ਹੁਨਾਲ ਦੀ ਠੰਢਕ ਮਹਿਸੂਸ ਕਰਦਾ ਜਾ ਰਿਹਾ ਸੀ। ਛਿੱਪਦੇ ਵੱਲ ਬਿਰਛਾਂ ਦੀ ਚੁਪਾਲ ਵਿੱਚ ਹੱਥ ਨੂੰ ਹੱਥ ਮਾਰਿਆ ਨਹੀਂ ਸੀ ਦਿਸਦਾ ਤੇ ਦੋ ਕੁ ਖੱਤੇ ਦੇ ਫਾਸਲੇ 'ਤੇ ਆਦਮੀ ਪਛਾਣਿਆ ਨਹੀਂ ਸੀ ਜਾਂਦਾ। ਮੈਂ ਤੁਰਦਾ ਜਾ ਰਿਹਾ ਸਾਂ-ਆਪਣੀ ਤੋਰੇ। ਰਾਹ ਵਿੱਚ ਕੋਈ ਵਿਰਲਾ ਹੀ ਟੱਕਰ ਸਕਦਾ ਸੀ ਉਸ ਵੇਲੇ ਤੇ ਫਿਰ ਉਸ ਛੱਪੜ ਤੇ ਬਿਰਛਾਂ ਦੀ ਚੁਪਾਲ ਵੱਲ।

ਮੈਂ ਜਿਵੇਂ ਕਿਸੇ ਨੂੰ ਅਣਪਛਾਤਿਆਂ ਹੀ ਆਪਣੀ ਤੋਰ ਹੌਲੀ ਕਰ ਲਈ। ਪਹਿਲਾਂ ਤਾਂ ਮੈਂ ਆਪਣੀਆਂ ਨਜ਼ਰਾਂ ਦਾ ਧੋਖਾ ਹੀ ਸਮਝਿਆ ਪਰ ਪਲ ਕੁ ਮਗਰੋਂ ਫਿਰ ਬਿਰਛਾਂ ਦੇ ਖੂੰਜਿਓਂ ਇੱਕ ਪਰਛਾਵਾਂ ਜਿਹਾ ਸਰਕਿਆ ਤੇ ਮੁੜ ਫਿਰ ਬਿਰਛ ਵਾਂਗ ਖਲੋਤਾ ਰਿਹਾ। ਮੈਂ ਆਪਣੀ ਸੇਧੇ ਤੁਰਦਾ ਹਨ੍ਹੇਰ ਵਿੱਚ ਖੜੋਤੇ ਪਰਛਾਵੇਂ ਦੀ ਜਾਂਚ ਕਰਦਾ ਰਿਹਾ। ਖ਼ਿਆਲ ਆਇਆ ਕਿ ਕੋਈ ਅਵਾਰਾ ਪਸ਼ੂ ਫਿਰਦਾ ਹੋਵੇਗਾ ਤੇ ਫਿਰ ਕਿਸੇ ਰਾਹੀ ਦਾ ਖਿਆਲ ਆਇਆ ਪਰ ਕਿਸੇ ਰਾਹੀ ਨੇ ਇਨ੍ਹਾਂ ਬਿਰਛਾਂ ਵਿੱਚ ਕੀ ਲੱਭਣਾ ਹੋਵੇਗਾ, ਮੈਂ ਸੋਚਿਆ। ਚਲੋ ਹੋਵੇਗਾ ਕੋਈ ਭਲਾਮਾਣਸ ਮੈਂ ਅਗਾਂਹ ਤੁਰ ਪਿਆ।

ਦੋ ਕਦਮ ਹੋਰ ਅੱਗੇ ਵਧਣੋਂ ਮੈਂ ਆਖਰ ਖਲੋ ਹੀ ਗਿਆ। ਇੱਕ ਹੋਰ ਪਰਛਾਵਾਂ ਪਿੰਡ ਪਾਸਿਓਂ ਝਲਕਿਆ ਤੇ ਖੇਤਾਂ ਦੀ ਵੱਟਾਂ ਤੇ ਤੁਰਦਾ-ਤੁਰਦਾ ਉਹ ਪਰਛਾਵਾਂ ਵੀ ਬਿਰਛਾਂ ਵੱਲ ਵਧਦਾ ਗਿਆ। ਪਹਿਲਾ ਖਲੋਤਾ ਪਰਛਾਵਾਂ ਮੁੜ ਕੰਬਿਆ ਜਿਵੇਂ ਕੋਈ

ਕਿਸੇ ਨੂੰ ਆਪਣੀ ਹੋਂਦ ਦੀ ਤਸੱਲੀ ਕਰਾਉਣੀ ਚਾਹੁੰਦਾ ਹੋਵੇ। ਮੈਨੂੰ ਵੀ ਕੁਝ ਸ਼ੱਕ ਜਿਹਾ ਪੈ ਗਿਆ ਤੇ ਮੈਂ ਵੀ ਖਿਆਲਾਂ ਦੀ ਜੰਜ਼ੀਰ ਵਿੱਚ ਹੋਰ ਖਿਆਲਾਂ ਨੂੰ ਪਰੋਣਾ ਚਾਹਿਆ।

ਦੂਜਾ ਪਰਛਾਵਾਂ ਬਿਰਛਾਂ ਦੀ ਸੰਘਣੇ ਹਨ੍ਹੇਰ ਤੋਂ ਚਾਰ ਕੁ ਖਿੱਤੇ ਦੀ ਵਿੱਥ ਤੇ ਟੁਰਦਾ-ਟੁਰਦਾ ਰੁਕ ਗਿਆ। ਇੱਕ ਲਾਂਗ ਜਿਹੀ ਲਟਕਦੀ ਵੇਖ ਮੇਰੀ ਸੋਚ ਕੁਝ ਹੋਰ ਲੰਮੇਰੀ ਹੁੰਦੀ ਗਈ।

ਪਹਿਲਾ ਪਰਛਾਵਾਂ ਕੁਝ ਸੋਚਾਂ ਜਿਹੀਆਂ ਸੋਚ ਉਸ ਬਿਰਛ ਥੱਲੇ ਆਖਿਰ ਖਲੋ ਹੀ ਗਿਆ, ਜਿਵੇਂ ਉਹ ਦੂਜੇ ਪਰਛਾਵੇਂ ਨੂੰ ਆਪਣੇ ਦਿਲ ਦੀ ਗੱਲ ਸਮਝਾਉਣੀ ਚਾਹੁੰਦਾ ਹੋਵੇ।

ਅਜੇਹੀ ਚੁਪ ਤੇ ਅਜੇਹੀ ਥਾਂ, ਮਨੁੱਖ ਦੀ ਤੋਰ ਦਾ ਖੜਾਕ ਤਾਂ ਕੀ ਆਪਣੇ ਸਾਹ ਦਾ ਲੈਣਾ ਵੀ ਬੜੀ ਉਤਸੁਕਤਾ ਪੈਦਾ ਕਰ ਦਿੰਦਾ ਹੈ। ਦਿਲਾਂ ਦੀ ਧੜਕਨ ਨੂੰ ਇਨਾ ਧੜਕਣਾ ਪਤਾ ਨਹੀਂ ਕਿਉਂ ਆ ਜਾਂਦਾ ਹੈ।

ਬਿਰਛ ਹੇਠ ਖਲੋਤੇ ਪਰਛਾਵੇਂ ਵੱਲ ਦੂਜਾ ਪਰਛਾਵਾਂ ਹੋਰ ਤੇਜ਼ ਹੁੰਦਾ ਗਿਆ ਤੇ ਮੇਰੀ ਨਜ਼ਰ ਵੀ ਪਰਛਾਵੇਂ ਦੇ ਕਦਮਾਂ ਨਾਲ ਸਰਕਦੀ ਗਈ। ਪੈਰਾਂ ਦੀ ਆਵਾਜ਼ ਨੂੰ ਮੈਂ ਕੰਨ ਲਾ ਭਾਂਪ ਰਿਹਾ ਸੀ, ਪਰ ਤੋਰ ਤੋਂ ਉਹ ਕੋਈ ਮਨੁੱਖ ਨਹੀਂ ਸੀ ਜਾਪ ਰਿਹਾ। ਥੋੜ੍ਹੀ ਹੀ ਦੇਰ ਵਿੱਚ ਦੋਵੇਂ ਪਰਛਾਵੇਂ ਉਸ ਬਿਰਛ ਹੇਠ ਜਾ ਮਿਲੇ ਜਿਵੇਂ ਧੁਪ ਤੇ ਛਾਂ ਗਰਮੀਆਂ 'ਚ ਆਪਣੇ ਆਪ ਵਿੱਚ ਘੁਲ ਜਾਂਦੀ ਹੈ। ਹੁਣ ਉਹ ਦੋ ਨਹੀਂ ਇੱਕ ਹੀ ਪਰਛਾਵਾਂ ਨਜ਼ਰ ਪੈ ਰਿਹਾ ਸੀ। ਤਾਰਿਆਂ ਦੀ ਰੌਸ਼ਨੀ ਨੇ ਜਿਵੇਂ ਉਨ੍ਹਾਂ ਉਤੇ ਸ਼ਗਨਾਂ ਦੀ ਕਿਰਨ ਸੁੱਟੀ ਹੋਵੇ।

ਕੁਝ ਚਿਰ ਪਿੱਛੋਂ, ਇੱਕ ਬਣਿਆ ਪਰਛਾਵਾਂ, ਦੋ ਪਰਛਾਵਿਆਂ ਵਿੱਚ ਫਿਰ ਬਦਲ ਗਿਆ, ਪਰ ਹੁਣ ਵਿੱਛੜ ਰਹੇ ਪਰਛਾਵੇਂ ਦੀ ਤੋਰ ਵਿੱਚ ਪਹਿਲਾਂ ਵਰਗੀ ਤੇਜ਼ੀ ਨਾ ਰਹੀ। ਅਕਾਸ਼ ਵਿੱਚ ਇੱਕ ਤਾਰਾ ਮੱਧਮ ਜਿਹੀ ਲੀਕ ਪਾ ਟੁੱਟਦਾ ਬਣਿਆ।

ਪਹਿਲਾ ਪਰਛਾਵਾਂ ਬਿਰਛਾਂ ਵਿੱਚ ਹੀ ਅਲੋਪ ਹੋ ਗਿਆ, ਪਰ ਪਿੰਡ ਵੱਲ ਆ ਰਿਹਾ ਪਰਛਾਵਾਂ ਕੁਝ ਡਰਦਾ, ਕੁਝ ਤੇਜ਼ ਹੁੰਦਾ ਦੂਜੇ ਪਰਛਾਵੇਂ ਤੋਂ ਦੂਰੀ ਮਿਣਦਾ ਗਿਆ।

ਮੈਂ ਸੋਚਦਾ ਰਿਹਾ ਕੌਣ ਹੋਵੇਗਾ ? ਸੁਪਨਾ ਤੇ ਨਹੀਂ ? ਕਈ ਕਹਾਣੀਆਂ ਮਨ ਵਿੱਚ ਬਣੀਆਂ ਪਰ ਅਸਲੀਅਤ ਦਾ ਪਤਾ ਨਾ ਚੱਲ ਸਕਿਆ।

ਦੂਜੇ ਦਿਨ ਸਵੇਰੇ ਹੀ ਮੈਂ ਰਾਤ ਦੀ ਤਸੱਲੀ ਲਈ ਉਨ੍ਹਾਂ ਬਿਰਛਾਂ ਵੱਲ ਤੁਰ ਪਿਆ। ਰਾਹ ਵਿੱਚ ਪਿੰਡ ਤੋਂ ਸ਼ਹਿਰ ਵੱਲ 'ਮਜ਼ੀਦ' ਜਾਂਦਾ ਮਿਲ ਗਿਆ। ਮੈਂ ਉਸ ਦੇ ਜਾਣ ਬਾਰੇ ਪੁੱਛਿਆ।

"ਬੱਸ ਅੱਜ ਮੇਰਾ ਤਿੰਨ ਮਹੀਨਿਆਂ ਦਾ ਪਾਸਪੋਰਟ ਖ਼ਤਮ ਹੋ ਗਿਆ ਹੈ, ਭਰਾਵਾ। ਪਿੰਡ ਲਈ ਇੱਕ ਤਾਂਘ ਸੀ। ਹੁਣ ਆਪਣੇ ਘਰ ਪਾਕਿਸਤਾਨ ਵੱਲ ਜਾ ਰਿਹਾ ਹਾਂ। ਜੇ ਕਦੇ ਜਿਊਂਦੇ ਰਹੇ ਤਾਂ ਫਿਰ ਸਹੀ।" ਉਸਦੀਆਂ ਅੱਖਾਂ ਵਿੱਚੋਂ ਪਿੰਡ ਪਿਆਰ ਦੇ ਅੱਥਰੂ

ਛਲਕ ਪਏ। ਉਸਦਾ ਦਿਲ ਜਿਵੇਂ ਹਿਚਕੀ ਨਾਲ ਅੱਗੇ ਬੋਲਣ ਤੋਂ ਭਰ ਗਿਆ। ਉਸ ਨੇ ਜਿਵੇਂ ਅਰਮਾਨਾਂ ਨੂੰ ਦਿਲ ਵਿੱਚ ਹੀ ਦਬਾ ਆਖਰੀ ਵਾਰ ਪਿੰਡ ਵੱਲ ਨਜ਼ਰ ਸੁੱਟ ਮੈਥੋਂ ਵਿਦਾ ਹੋਣ ਦੀ ਆਗਿਆ ਮੰਗੀ।

ਸ਼ਹਿਰ ਵੱਲ ਜਾ ਰਹੇ ਮਜੀਦ ਦੇ ਪੈਰਾਂ ਦੀ ਤੋਰ ਉਸਦੀ ਪੀੜ ਨੂੰ ਸਾਫ਼ ਜ਼ਾਹਰ ਕਰ ਰਹੀ ਸੀ। ਉਸ ਦੀ ਹਾਲਤ ਨੂੰ ਮਹਿਸੂਸ ਕਰਦਾ ਮੈਂ ਰਾਤ ਵਾਲੇ ਪਰਛਾਵਿਆਂ ਦੀ ਮਿਲਣ ਥਾਂ ਵੱਲ ਜਰਾ ਤੇਜ਼ ਹੋ ਗਿਆ। ਆਖ਼ਰ ਮੈਂ ਉਸੇ ਬਿਰਛ ਹੇਠ ਜਾ ਖਲੋਤਾ।

ਦੋ ਪੈਰਾਂ ਦੇ ਨਿਸ਼ਾਨ ਇੱਕ ਦੂਜੇ ਦੇ ਪੈਰਾਂ ਨੂੰ ਛੋਂਹਦੇ ਅਜੇ ਤੀਕ ਉਵੇਂ ਹੀ ਨਜ਼ਰ ਆ ਰਹੇ ਸਨ। ਮੈਂ ਕੁਝ ਕੁਝ ਪੈਰਾਂ ਦੀ ਪਛਾਣ ਕਢਦਾ ਗਿਆ। ਇੱਕ ਪਾਸੇ ਸ਼ਗਨਾਂ ਨਾਲ ਕਿਸੇ ਨੂੰ ਭੇਟ ਕੀਤੀ ਇੱਕ ਇਲਾਚੀ ਤੇ ਇੱਕ ਛੁਆਰੇ ਉੱਤੇ ਚੜ੍ਹਦੇ ਸੂਰਜ ਦੀਆਂ ਕਿਰਨਾਂ ਨਿੱਘ ਦੇ ਰਹੀਆਂ ਸਨ। ਜਿਵੇਂ ਦੋ ਦਿਲਾਂ ਨੇ

ਪਿਆਰ ਧੜਕਣਾ ਆਪਣੇ-ਆਪਣੇ ਸੀਨੇ ਵਿੱਚ ਹੀ ਸਾਂਭ ਅਲਵਿਦਾ ਆਖੀ ਹੋਵੇ। ਮੈਨੂੰ ਰਾਤ ਦੀ ਝਾਕੀ ਇੱਕ ਸੱਚੀ ਕਹਾਣੀ ਜਾਪ ਰਹੀ ਸੀ। ਪਿੰਡ ਵਿੱਚ ਫੈਲੀ 'ਮਜੀਦ' ਤੇ 'ਕਲਸੂਮ' ਦੇ ਪਿਆਰ ਦੀ ਕਹਾਣੀ ਅੱਜ ਹੋਰ ਅੱਗੇ ਵਧਦੀ ਮਹਿਸੂਸ ਹੋ ਰਹੀ ਸੀ। ਦੋ ਪਰਛਾਂਵਿਆਂ ਦੀ ਵਿਥ ਵੱਧਦੀ ਗਈ ਤੇ ਕਹਾਣੀ ਲੰਮੀ ਹੁੰਦੀ ਗਈ।

❑



ਕਿੱਥੇ ਗਈ ਇਨਸਾਨੀਅਤ
ਐ ਸਮਿਆਂ ਦੇ ਮਾਲਕਾ!!

## ਲਾਵਾਰਸ ਦਾ ਪੁਨਰ ਜਨਮ

ਹਿੰਦੁਸਤਾਨ ਅਜ਼ਾਦ ਹੋ ਗਿਆ ਸੀ ਪਰੰਤੂ 1947 ਦੀ ਪੰਜਾਬ ਵੰਡ ਦਾ ਕਹਿਰ ਸ਼ੁਰੂ ਹੋ ਗਿਆ ਸੀ। ਮਹਾਂ ਪੰਜਾਬ ਲਹਿੰਦੇ (ਪਾਕਿਸਤਾਨ) ਅਤੇ ਚੜ੍ਹਦੇ ਪੰਜਾਬ 'ਚ ਵੰਡਿਆ ਗਿਆ। ਇੱਕ ਲੀਕ ਨੇ ਪੰਜਾਬ ਦੀ ਧਰਤੀ ਨੂੰ ਖ਼ੂਨ 'ਚ ਰੰਗ ਦਿੱਤਾ। ਇਧਰੋਂ ਉੱਧਰ ਅਤੇ ਉੱਧਰੋਂ ਇੱਧਰ ਦੀਆਂ ਕਤਲੋਗਾਰਤ ਖ਼ਬਰਾਂ ਅੱਗ ਵਾਂਗ ਫੈਲ ਗਈਆਂ। ਹਮਸਾਏ ਮਾਂ-ਜਾਏ ਆਪਸ ਵਿੱਚ ਹੀ ਉਲਝ ਗਏ। ਵੈਰੀ ਬਣ ਗਏ। ਏਦਾਂ ਦਾ ਜ਼ਾਲਮਾਨਾ ਸਮਾਂ ਕਦੇ ਪੰਜਾਬ ਨੇ ਨਹੀਂ ਸੀ ਵੇਖਿਆ।

ਘੁੱਗ ਵਸਦੇ ਜਗਾਧਰੀ ਸ਼ਹਿਰ 'ਚ ਵੀ ਮੁਸਲਮਾਨਾਂ ਦੀ ਹਿਜਰਤ ਸ਼ੁਰੂ ਹੋ ਗਈ। ਜਾਣ ਵਾਲੇ ਜਾਣਾ ਨਹੀਂ ਸੀ ਚਾਹੁੰਦੇ। ਦਾਨਸ਼ਵਰ ਲੋਕ ਆਪਣੇ ਬੰਦਿਆਂ ਨੂੰ ਤੋਰਨਾ ਨਹੀਂ ਸੀ ਚਾਹੁੰਦੇ

ਪਰੰਤੂ ਦਰਿੰਦਗੀ ਭਾਰੂ ਹੋ ਰਹੀ ਸੀ। ਇਨਸਾਨੀਅਤ ਲੋਪ ਹੋ ਰਹੀ ਸੀ। ਹੱਥਾਂ 'ਚ ਹਥਿਆਰਾਂ ਤੋਂ ਬਿਨਾਂ ਹੋਰ ਕੁਝ ਚੁੱਕਣਾ ਠੀਕ ਹੀ ਨਹੀਂ ਸੀ ਲੱਗਦਾ। ਸ਼ਹਿਰ 'ਚ ਵੱਢ-ਟੁੱਕ ਹੋ ਰਹੀ ਸੀ। ਹਰ ਕੋਈ ਸਹਿਮ ਦਾ ਮਾਰਿਆ ਬਾਹਰ ਨਹੀਂ ਸੀ ਨਿਕਲਦਾ। ਸਾੜ-ਫੂਕ ਜ਼ੋਰਾਂ 'ਤੇ ਸੀ। ਲੁੱਟ-ਖੋਹ ਦਾ ਦੌਰ ਸੀ।

ਸਰਦਾਰਾਂ ਵਾਲੇ ਮਹੱਲੇ ਰੀਟਾਇਰਡ ਸੂਬੇਦਾਰ ਕਪੂਰ ਸਿੰਘ ਨੇ ਹੌਸਲਾ ਕਰ ਕੇ ਆਪਣੇ ਮਹੱਲੇ ਤੋਂ ਬਾਹਰ ਨਿਕਲਣ ਦਾ ਫੈਸਲਾ ਕਰ ਹੀ ਲਿਆ। ਮੂੰਹ ਆਈਆਂ ਖ਼ਬਰਾਂ ਦਾ ਬੋਲ-ਬਾਲਾ ਸੀ। ਉਸ ਦੀ ਮਹੱਲੇ ਦੇ ਮੁਸਲਮਾਨਾਂ ਨਾਲ ਚੰਗੀ ਬਣੀ ਹੋਈ ਸੀ। ਉਹ ਉਸ ਨੂੰ 'ਸਰਦਾਰ ਸਾਹਿਬ' ਕਹਿ ਕੇ ਇੱਜ਼ਤ ਦੇਂਦੇ ਸਨ।

ਕਿੰਨੇ ਹੀ ਦਿਨਾਂ ਤੋਂ ਉਹ ਆਪਣੇ ਘਰ ਬੇਚੈਨੀ ਦੇ ਪਲ ਹੰਢਾ ਰਿਹਾ ਸੀ। ਉਹ ਇਕੱਲਾ ਕੀ ਕਰ ਸਕਦਾ ਸੀ। ਉਸ ਨੇ ਆਪਣੀ ਫੌਜੀ ਗੰਨ ਚੁੱਕਣੀ ਠੀਕ ਨਾ ਸਮਝੀ।

ਆਥਣ ਹੋਣ ਵਾਲੀ ਸੀ। ਸੁੰਨ ਪਸਰੀ ਹੋਈ ਸੀ। ਦੰਗੇਬਾਜ ਹੱਲਾ-ਗੁੱਲਾ ਕਰ ਕੇ ਚਲੇ ਗਏ ਸਨ। "ਨਸੀਬ ਕੁਰੇ, ਮੈਂ ਜਰਾ ਬਾਹਰ ਵੇਖ ਆਵਾਂ। ਭਿਆਨਕ ਸਮਾਂ ਮੈਥੋਂ ਵੇਖਿਆ ਨਹੀਂ ਜਾਂਦਾ," ਕਪੂਰ ਸਿੰਘ ਇਹ ਕਹਿੰਦਿਆਂ ਬਾਹਰ ਨੂੰ ਹੋ ਤੁਰਿਆ।

ਧਰਤੀ 'ਤੇ ਲਾਸ਼ਾਂ ਵਿਛੀਆਂ ਪਈਆਂ ਸਨ। ਲਹੂ ਹੀ ਲਹੂ। ਉਹ ਹੋਰ ਅੱਗੇ ਵਧਿਆ। ਸੜਕ ਦੇ ਘਾਹ-ਫੂਸ ਵਾਲੇ ਪਾਸੇ ਇੱਕ ਤਿੰਨ ਕੁ ਸਾਲ ਦਾ ਬੱਚਾ ਸਹਿਕ ਰਿਹਾ ਸੀ। ਕਪੂਰ ਸਿੰਘ ਬੱਚੇ ਦੀ ਹਾਲਤ ਨੂੰ ਵੇਖ ਕੇ ਸੁੰਨ ਹੋ ਗਿਆ। ਉਸ ਦੇ ਅੱਬਾ-ਅੰਮੀਂ ਪਤਾ ਨਹੀਂ ਕਿੱਥੇ ਚਲੇ ਗਏ ਸਨ।

ਉਸ ਨੇ ਇੱਧਰ-ਉੱਧਰ ਨਜ਼ਰ ਮਾਰੀ। ਹਨੇਰਾ ਹੋਣ ਵਾਲਾ ਸੀ। ਕਪੂਰ ਸਿੰਘ ਨੇ ਝੱਟ ਸਹਿਕਦੇ ਬੱਚੇ ਨੂੰ ਆਪਣੇ ਪਰਨੇ ਵਿੱਚ ਲਪੇਟ ਲਿਆ। ਬੱਚਾ ਜਿਊਂਦਾ ਸੀ। ਉਸ ਨੇ ਆਲੇ-ਦੁਆਲੇ ਵੇਖਿਆ, ਕੋਈ ਨਹੀਂ ਸੀ। ਉਸ ਨੇ ਤੁਰੰਤ ਬੱਚੇ ਨੂੰ ਮੋਢੇ ਲਾ, ਘਰ

ਨੂੰ ਭੱਜਣ ਦੀ ਕੀਤੀ। ਇਹ ਸਮਾਂ ਉਸ ਲਈ ਖਤਰਿਆਂ ਅਤੇ ਚਣੌਤੀਆਂ ਵਾਲਾ ਸੀ।

ਸਾਹੋ-ਸਾਹ ਰੱਬ ਨੂੰ ਧਿਆਉਂਦਾ, ਉਹ ਘਰ ਪੁੱਜ ਗਿਆ। ਉਸ ਨੇ ਘਰਵਾਲੀ ਨੂੰ ਬੂਹਾ ਖੋਲ੍ਹਣ ਲਈ ਕਿਹਾ।

"ਲੈ ਵੇਖ, ਕਿੰਨਾ ਪਿਆਰਾ ਹੈ, ਅੱਲਾ ਦਾ ਜਾਇਆ, ਛੇਤੀ ਸਾਂਭ ਇਸ ਨੂੰ, ਨਸੀਬ ਕੁਰੇ।"

"ਮਾਵਾਂ ਪਤਾ ਨਹੀਂ ਕਿਉਂ ਆਪਣੇ ਢਿੱਡੋਂ ਜੰਮਿਆਂ ਨੂੰ ਏਦਾਂ ਲਾਵਾਰਸ ਕਰ ਕੇ ਸੁੱਟ ਦਿੰਦੀਆਂ ਹਨ।" ਨਸੀਬ ਕੁਰ ਨੇ ਡੂੰਘਾ ਸਾਹ ਲੈਂਦਿਆਂ ਕਿਹਾ।

"ਤੈਨੂੰ ਕੀ ਪਤਾ, ਅੱਗ ਲੱਗੀ 'ਚ ਹਰ ਕੋਈ ਆਪਣੀ ਜਾਨ ਬਚਾਉਣੀ ਚਾਹੁੰਦਾ। ਔਕੜ ਵੇਲੇ ਤਾਂ ਬੰਦੇ ਦਾ ਆਪਣਾ ਪ੍ਰਛਾਵਾਂ ਵੀ ਸਾਥ ਛੱਡ ਦਿੰਦਾ। ਪਤਾ ਨਹੀਂ ਇਸ ਨਿਕਰਮੇ ਨੂੰ ਦਰਿੰਦਿਆਂ ਨੇ ਮਰਿਆ ਸਮਝ ਕੇ ਛੱਡ ਦਿੱਤਾ ਹੋਵੇ। ਜਿਸ ਨੂੰ ਰੱਖੇ ਸਾਈਆਂ,

ਮਾਰ ਨਾ ਸਕੇ ਕੋਇ।" ਕਪੂਰ ਸਿੰਘ ਨੇ ਆਪਣਾ ਲਹੂ ਭਿੱਜਿਆ ਪਰਨਾ ਅਤੇ ਆਪਣੇ ਲੀੜੇ ਗੁਸਲਖਾਨੇ ਵਿੱਚ ਜਾ ਕੇ ਧੋਣ ਦੀ ਕੀਤੀ। ਇੱਕ ਸਬਰ ਦਾ ਘੁੱਟ ਭਰਿਆ।

ਨਸੀਬ ਕੁਰ ਦੀ ਪਲੇਠੀ ਧੀ ਪ੍ਰੀਤੀ ਨੌਂ ਕੁ ਸਾਲਾਂ ਦੀ ਸੀ। ਨਸੀਬ ਕੁਰ ਨੇ ਬੱਚੇ ਨੂੰ ਗੋਦ 'ਚ ਲੈ ਕੇ ਦੁੱਧ ਪਿਲਾਉਣਾ ਸ਼ੁਰੂ ਕੀਤਾ। ਬੱਚੇ ਨੇ ਅੱਖਾਂ ਖੋਲ੍ਹੀਆਂ। ਮਮਤਾ ਦੀ ਰੌਸ਼ਨੀ ਕਮਰੇ 'ਚ ਜਾਗੀ। ਨਸੀਬ ਕੁਰ ਦੀ ਕੁੱਖ ਨੂੰ ਜਿਵੇਂ ਧਰਵਾਸ ਜਿਹਾ ਆ ਗਿਆ।

ਰਾਤ ਹੋਈ, ਸਾਰੇ ਸੌਂ ਗਏ।

ਨਸੀਬ ਕੁਰ ਤੇ ਕਪੂਰ ਸਿੰਘ ਨੂੰ ਨੀਂਦਰ 'ਚ ਕੀ ਕੁਝ ਦਿਖਿਆ ਹੋਵੇਗਾ, ਉਹ ਹੀ ਜਾਨਣ ਪਰ ਘਰ 'ਚ ਇੱਕ ਚਾਨਣ ਦੀ ਕਿਰਨ ਨੇ ਸਵੇਰ ਨੂੰ ਆਮਦ ਆਖੀ।

"ਧੀਏ, ਤੇਰਾ ਵੀਰਾ ਹੈ ਇਹ। ਰੱਬ ਨੇ ਭੇਜਿਆ।" ਨਸੀਬ ਕੁਰ ਨੇ ਬੇਟੀ ਨੂੰ ਸਮਝਾਇਆ। ਪ੍ਰੀਤੀ ਦਾ ਚਿਹਰਾ ਵੀ ਖਿੜ ਉੱਠਿਆ।

ਕਈ ਮਹੀਨੇ ਉਨ੍ਹਾਂ ਨੇ ਬੱਚੇ ਦੀ ਸੂਹ ਨਾ ਲੱਗਣ ਦਿੱਤੀ। ਬੱਚੇ ਦੀ ਸਾਂਭ-ਸੰਭਾਲ 'ਚ ਹੀ ਲੱਗੇ ਰਹੇ। ਭੈੜਾ ਸਮਾਂ ਠੰਢਾ ਹੁੰਦਾ ਗਿਆ। ਬਾਰਸ਼ਾਂ ਕਾਰਨ ਧਰਤੀ ਦਾ ਲਹੂ ਧੋਤਿਆ ਗਿਆ। ਸੁੱਖ-ਸ਼ਾਂਤੀ ਦੇ ਦਿਨ ਆ ਗਏ।

ਇੱਕ ਦਿਨ, ਡੂੰਘੀਆਂ ਸੋਚਾਂ 'ਚ ਪਿਆ ਕਪੂਰ ਸਿੰਘ ਆਪਣਾ ਦਿਲ ਹੌਲਾ ਕਰਨ ਲਈ, ਆਪਣੀ ਘਰ ਵਾਲੀ ਨੂੰ ਦਿਲ ਦੀ ਗੱਲ ਕਹਿਣ ਲੱਗਾ :

ਲੈ ਦੇਖ, ਜਦੋਂ ਮੈਂ ਅੰਗਰੇਜ਼ ਹਕੂਮਤ ਦਾ ਫੌਜੀ ਮੁਲਾਜ਼ਮ ਸੀ, ਉਦੋਂ ਮੇਰੀ ਸਕਿਓਰਟੀ ਦੀ ਡਿਊਟੀ ਉਸ ਕਾਲ-ਕੋਠੜੀ ਅੱਗੇ ਹੁੰਦੀ ਸੀ ਜਿੱਥੇ ਸ਼ਹੀਦ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਫਾਂਸੀ ਦੇਣ ਲਈ ਡੱਕਿਆ ਹੋਇਆ ਸੀ। ਇਨਕਲਾਬ ਜਿੰਦਾਬਾਦ ਦੇ ਨਾਅਰੇ ਲਾਉਂਦੇ ਉਹ ਫਾਂਸੀ ਨੂੰ ਚੁੰਮਣ ਜਾ ਰਹੇ ਸਨ। ਮੈਂ ਬੇਬਸੀ ਦਾ ਆਲਮ ਹੰਢਾ ਰਿਹਾ ਦੂਜੇ ਅਰਦਲੀਆਂ ਵੱਲ ਵੇਖਣ

ਲਈ ਮਜਬੂਰ ਸਾਂ। ਇਹ ਵਾਕਿਆ 1932 ਈ: ਦਾ ਹੈ। ਉਨ੍ਹਾਂ ਜੋਧਿਆਂ ਨੂੰ ਰਾਤੋ-ਰਾਤ ਫਾਂਸੀ ਦੇ ਦਿੱਤੀ ਗਈ ਤੇ ਦੇਸ ਵਾਸੀਆਂ ਦੇ ਵਿਦਰੋਹ ਤੋਂ ਡਰਦੀ ਜ਼ਾਲਮ ਅੰਗਰੇਜ਼ ਹਕੂਮਤ ਨੇ ਕੈਦਖਾਨੇ ਦੀ ਪਿਛਲੀ ਦੀਵਾਰ ਤੋੜ ਕੇ ਤਿੰਨੇ ਸ਼ਹੀਦਾਂ ਨੂੰ ਸਾੜਨ ਦੀ ਕੋਸ਼ਿਸ਼ ਕੀਤੀ। ਖ਼ਬਰ ਅੱਗ ਵਾਂਗ ਫੈਲ ਗਈ। ਜੋ ਕੁਝ ਉੱਥੇ ਹੋਇਆ, ਉਸ ਨੂੰ ਯਾਦ ਕਰਕੇ ਮੇਰਾ ਆਪਣਾ-ਆਪ ਸੰਭਾਲ ਨਹੀਂ ਸੀ ਹੋਇਆ। ਨੌਕਰੀ ਸੀ। ਮੈਨੂੰ ਦੁੱਖ ਇਸ ਗੱਲ ਦਾ ਹੈ ਕਿ ਉਦੋਂ ਉਨ੍ਹਾਂ ਨੂੰ ਨਾ ਬਚਾਉਣ ਵਾਲਿਆਂ 'ਚ ਮੈਂ ਵੀ ਚਸ਼ਮਦੀਦ ਗਵਾਹ ਸੀ।

ਅੱਜ ਇਹ ਕਿਹੋ ਜਿਹਾ ਭਾਣਾ ਹੈ ਕਿ ਇਸ ਬੱਚੇ ਨੂੰ ਮੈਂ ਜਿਉਂਦਾ ਬਚਾ ਲਿਆ ਹੈ ਜਿਸ ਦੇ ਮਾਪਿਆਂ ਨੂੰ ਮੈਂ ਜਾਣਦਾ ਵੀ ਨਹੀਂ। ਉਹ ਦੇਸ਼ ਭਗਤ ਸਨ ਅਤੇ ਇਹ ਲਾਵਾਰਸ ਮਾਸੂਮ ਬੱਚਾ। ਕੁਝ ਤਾਂ ਚੰਗਾ ਕਰ ਹੋਇਆ, ਅੱਗੇ ਸਮਾਂ ਹੀ ਦੱਸੇਗਾ, ਬੋਲਦਾ-ਬੋਲਦਾ ਕਪੂਰ ਸਿੰਘ ਇਉਂ ਜਾਪਿਆ ਜਿਵੇਂ ਸਮੇਂ ਦੀਆਂ ਤੰਦਾਂ

ਨੂੰ ਸੁਲਝਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਦੋ ਸਾਲ ਸੁੱਖ-ਸਾਂਦ ਦੇ ਲੰਘ ਗਏ। ਭੈਣ-ਭਰਾਵਾਂ ਵਾਂਗ ਬੱਚੇ ਰਚ-ਮਿਚ ਗਏ।

ਹੁਣ ਅਗਲੇ ਜੀਵਨ ਨੂੰ ਤੋਰਨ ਦੀ ਗੱਲ ਸੀ। ਬੱਚੇ ਦੀਆਂ ਕਿਰਿਆਵਾਂ ਬਹੁਤ ਭਿੰਨ ਤੇ ਚੇਤੰਨ ਸਨ। ਨਾਂ ਰੱਖਣ ਬਾਰੇ ਸੋਚਣਾ ਪਿਆ। "ਨੂਰਦੀਨ"।

"ਹਾਂ ਹਾਂ, ਇਹੋ ਨਾਂ ਢੁਕਦਾ", ਨਸੀਬ ਕੁਰ ਖਿੜ ਉੱਠੀ।

ਘਰ ਦੇ ਨੇੜੇ ਹੀ ਸਰਕਾਰੀ ਸਕੂਲ ਸੀ। ਆਖਰ ਕਪੂਰ ਸਿੰਘ ਨੇ ਬੱਚੇ ਨੂੰ ਸਕੂਲ ਦਾਖਲ ਕਰਵਾ ਦਿੱਤਾ। ਨੂਰਦੀਨ ਵਲਦ ਅਹਿਮਦ ਖਾਂ ਵਾਰਸ ਸੂਬੇਦਾਰ ਕਪੂਰ ਸਿੰਘ ਨਾਂ ਨਾਲ ਦਾਖਲਾ ਰਜਿਸਟਰ ਵਿੱਚ ਦਰਜ ਕਰਵਾ ਦਿੱਤਾ। ਪੜ੍ਹਾਈ ਹੋਣ ਲੱਗੀ।

ਪੜ੍ਹਾਈ 'ਚ ਚੁਸਤ ਤੇ ਆਗਿਆਕਾਰੀ ਹੋਣ ਕਾਰਨ, ਸਾਰੇ ਅਧਿਆਪਕ ਨੂਰਦੀਨ ਦੀ ਪ੍ਰਸੰਸਾ ਕਰਦੇ। ਚੌਥੀ ਸ਼੍ਰੇਣੀ ਦੀ ਪ੍ਰੀਖਿਆ ਵਿੱਚ ਉਸਨੇ ਪ੍ਰਥਮ ਸਥਾਨ ਪ੍ਰਾਪਤ ਕੀਤਾ। ਘਰ 'ਚ

ਖ਼ੁਸ਼ੀ ਮਨਾਈ ਗਈ। ਸਾਲ ਬੀਤਦੇ ਗਏ। ਸ਼ਹਿਰ ਦੇ ਲੋਕ ਕਪੂਰ ਸਿੰਘ ਦਾ ਜਸ ਗਾਉਣ ਲੱਗੇ।

ਦੋਵਾਂ ਦੇਸਾਂ ਦੀ ਸੰਧੀ ਹੋਣ ਕਾਰਨ ਇੱਧਰ-ਉੱਧਰ ਜਾਣ ਦਾ ਕਾਨੂੰਨੀ ਰਾਹ ਖੁੱਲ੍ਹ ਗਿਆ। 1955 'ਚ ਦੋਵੇਂ ਮੁਲਕਾਂ ਦੇ ਵਿਛੜਿਆਂ ਨੂੰ ਮਿਲਣ-ਗਿਲਣ ਦੀਆਂ ਖ਼ਬਰਾਂ ਛਪਣ ਲੱਗੀਆਂ। ਨੂਰਦੀਨ ਦੇ ਮਾਪਿਆਂ ਨੂੰ ਵੀ ਮੋਹ ਜਾਗਿਆ। ਕੀ ਸਾਡੀ ਆਂਦਰ ਵੀ ਜਿਉਂਦੀ ਹੋ ਸਕਦੀ ਹੈ, ਐ ਅੱਲਾ, ਨਸੀਰਾਂ ਨੇ ਪੱਲਾ ਅੱਡ ਕੇ ਅਕੀਦਤ ਕੀਤੀ।

ਸਮਾਂ ਲੰਘਦਾ ਰਿਹਾ। ਨੂਰਦੀਨ ਅੱਠਵੀਂ 'ਚ ਪ੍ਰਥਮ ਰਹਿਕੇ ਨੌਂਵੀਂ 'ਚ ਹੋ ਗਿਆ। ਉਸ ਦੀ ਡੀਲ-ਡੌਲ ਵੀ ਭਰਵੀਂ ਹੋ ਗਈ। ਅਹਿਮਦ ਖਾਂ ਦਾ ਗੁਆਂਢੀ ਕਰਮੂ ਖਾਂ ਦਾ ਪਰਿਵਾਰ ਬਚਦਾ-ਬਚਦਾ ਜਗਾਧਰੀ ਸ਼ਹਿਰ 'ਚ ਹੀ ਵਸ ਗਿਆ ਸੀ। ਉਸ ਨੇ ਕਿਵੇਂ ਨਾ ਕਿਵੇਂ ਅਹਿਮਦ ਖਾਂ ਨੂੰ ਸੂਹ ਦੇ ਦਿੱਤੀ ਕਿ ਤੁਹਾਡਾ ਬੇਟਾ

ਇੱਧਰ ਸਰਦਾਰ ਕਪੂਰ ਸਿੰਘ ਕੋਲ ਸੁਰੱਖਿਅਤ ਰਹਿ ਰਿਹਾ ਹੈ ਤੇ ਪੜ੍ਹਾਈ ਕਰ ਰਿਹਾ।

ਅਜਿਹੀ ਖ਼ਬਰ ਮਿਲਣ 'ਤੇ ਮੋਹ ਜਾਗਣਾ ਹੀ ਸੀ। ਆਂਦਰਾਂ ਦੀ ਸਾਂਝ ਮਿਲਣ ਲਈ ਬਿਹਬਲ ਹੋ ਉੱਠੀ। ਕੀ ਇਹ ਸੱਚ ਹੋ ਸਕਦਾ ? ਇੱਕ ਵੱਡਾ ਪ੍ਰਸ਼ਨ ਸੁਪਨੇ ਵਾਂਗ ਸੀ।

ਆਪਣੇ ਪੁੱਤ ਨੂੰ ਆਪਣੇ ਕੋਲ ਲੈ ਆਉਣ ਲਈ ਅਹਿਮਦ ਖਾਂ ਤੇ ਨਸੀਰਾਂ ਨੇ ਭਾਰਤ ਆਉਣ ਲਈ ਵੀਜ਼ਾ ਪ੍ਰਾਪਤ ਕਰ ਲਿਆ। ਮਿਲਣ ਘੜੀਆਂ ਲਈ ਦਿਲ ਧੜਕਣ ਲੱਗੇ। ਪਾਕਿਸਤਾਨ ਤੋਂ ਵਾਹਗਾ ਲੰਘ ਕੇ ਪੰਜਾਬ ਦਾ ਸਫ਼ਰ ਤਹਿ ਕਰਦੇ, ਅਹਿਮਦ ਖਾਂ ਤੇ ਨਸੀਰਾਂ ਨੇ ਸ਼ਹਿਰ ਜਗਾਧਰੀ ਸੂਬੇਦਾਰ ਕਪੂਰ ਸਿੰਘ ਦਾ ਘਰ ਆ ਲੱਭਿਆ।

ਨੂਰਦੀਨ ਗੱਭਰੂ ਹੋ ਗਿਆ ਸੀ। ਉਸ ਨੂੰ ਤਾਂ ਕੁਝ ਵੀ ਪਤਾ ਨਹੀਂ ਸੀ, ਕੀ, ਕਿਵੇਂ ਤੇ ਕਿੰਝ ਵਾਪਰਿਆ।

ਘਰ ਆਏ ਮਹਿਮਾਨਾਂ ਦਾ ਪੂਰੇ ਚਾਅ ਨਾਲ ਸੂਬੇਦਾਰ ਨੇ ਸੁਆਗਤ ਕੀਤਾ ਤੇ ਸੇਵਾ ਕੀਤੀ। ਦੋ ਪਰਿਵਾਰਾਂ ਦਾ ਮਿਲਣ ਮੁਹੱਬਤ ਦੀ ਗਾਥਾ ਸੁਣਾ ਰਿਹਾ ਸੀ। ਦੁਖ-ਸੁਖ ਦੀ ਵਾਰਤਾ ਹੁੰਦੀ ਰਹੀ ਤੇ ਕਦੇ-ਕਦੇ ਅੱਥਰੂ ਵਹਿ ਤੁਰਦੇ।

ਕਈ ਦਿਨਾਂ ਦੇ ਠਹਿਰਾਅ ਤੋਂ ਬਾਅਦ, ਨੂਰਦੀਨ ਦਾ ਸਕੂਲੋਂ ਸਰਟੀਫ਼ੀਕੇਟ ਲਿਆ ਗਿਆ। ਕਾਨੂੰਨੀ ਲਿਖਤ-ਪੜ੍ਹਤ ਕਰਕੇ, ਪੰਚਾਇਤ ਦੀ ਹਾਜ਼ਰੀ ਵਿੱਚ ਨੂਰਦੀਨ ਨੂੰ ਉਸਦੇ ਮਾਪਿਆਂ ਨਾਲ ਤੋਰਨ ਦਾ ਸਮਾਂ ਆ ਗਿਆ। ਨੂਰਦੀਨ ਜਾਣਾ ਨਹੀਂ ਸੀ ਚਾਹੁੰਦਾ ਕਿਉਂਕਿ ਉਸਦੇ ਰਾਖੇ ਤੇ ਪਾਲਕ ਤਾਂ ਸੂਬੇਦਾਰ ਦਾ ਘਰ ਸੀ। ਬੜੇ ਲਾਡਾਂ ਨਾਲ ਪੁੱਤਰਾਂ ਵਾਂਗ ਪਾਲਿਆ ਨੂਰਦੀਨ ਘਰੋਂ ਤੋਰਨਾ ਨਸੀਬ ਕੁਰ ਲਈ ਅਸਹਿ ਸੀ।

ਗ਼ਮਗੀਨ ਪਲ ਬੋਲ-ਰਹਿਤ ਹੋ ਗਏ ਸਨ। ਸਮਾਂ ਜਿਵੇਂ ਖੜੋ ਗਿਆ ਹੋਵੇ। ਇਕ ਪਾਸੇ ਅਥਾਹ ਖੁਸ਼ੀ ਸੀ ਤੇ ਦੂਜੇ ਪਾਸੇ ਉਦਾਸੀ।

ਅਸੀਸਾਂ ਤੇ ਪਿਆਰ ਭਰੇ ਚੁੰਮਣਾਂ ਨਾਲ ਆਖਿਰ ਨੂਰਦੀਨ ਨੂੰ ਵਿਦਾ ਕੀਤਾ। ਦੋਵੇਂ ਪਰਿਵਾਰਾਂ ਦੇ ਅੱਥਰੂਆਂ ਨਾਲ ਪੌਣ ਸਿੱਲੀ ਹੋ ਗਈ।

ਸੂਬੇਦਾਰ ਕਪੂਰ ਸਿੰਘ ਦੀ ਇਨਸਾਨੀਅਤ ਅੱਗੇ ਇਬਾਦਤ ਕਰਦਿਆਂ ਅਹਿਮਦ ਖਾਂ ਤੇ ਨਸੀਰਾਂ ਨੇ ਧਰਤੀ ਉੱਤੇ ਜਿਵੇਂ ਸ਼ੁਕਰਾਨੇ ਦੇ ਅਮਿੱਟ ਅੱਖਰ ਲਿਖ ਦਿੱਤੇ ਹੋਣ। ਸ਼ਹਿਰ 'ਚ ਇਸ ਪਰ-ਉਪਕਾਰ ਦੀ ਚਰਚਾ ਸੀ।

"ਪਿਆਰੇ ਅਹਿਮਦ ਖਾਂ, ਪੁੱਤਰ ਨੂਰਦੀਨ ਨੂੰ ਪੜ੍ਹਾਈ ਜ਼ਰੂਰ ਕਰਵਾਉਂਦੇ ਰਹਿਣਾ। ਕਿਸੇ ਦਿਨ ਇਹ ਵੱਡਾ ਅਫਸਰ ਬਣੇਗਾ", ਭਰੇ ਮਨ ਨਾਲ ਕਪੂਰ ਸਿੰਘ ਨੇ ਸ਼ੁਭ-ਇਛਾਵਾਂ ਦਿੱਤੀਆਂ।

ਪਾਕਿਸਤਾਨ ਪੁੱਜ ਕੇ ਅਹਿਮਦ ਖਾਂ ਨੂੰ ਜਿਵੇਂ ਨਵੇਂ ਜੀਵਨ ਦਾ ਭਵਿੱਖ ਉਜਵਲ ਜਾਪਣ ਲੱਗਿਆ। ਦਿਨ ਲੰਘੇ। ਨੂਰਦੀਨ ਸਕੂਲ ਪੜ੍ਹਨੇ ਪਾ ਦਿੱਤਾ। ਦਸਵੀਂ, ਗਰੈਜੂਏਸ਼ਨ ਅਤੇ ਲਾਹੌਰ

ਯੂਨੀਵਰਸਿਟੀ ਤੋਂ ਲਾਅ (ਵਕਾਲਤ) ਦੀ ਡਿਗਰੀ ਗੋਲਡ-ਮੈਡਲ ਨਾਲ ਕਰਕੇ ਨੂਰਦੀਨ ਹੁਣ ਐਡਵੋਕੇਟ ਨੂਰਦੀਨ ਰੰਧਾਵਾ ਬਣ ਗਿਆ ਸੀ। ਨੂਰਦੀਨ ਦਾ ਚੰਗੇ ਪਰਿਵਾਰ ਦੀ ਬੇਗਮ ਗੁਲਬਾਨੋ ਨਾਲ ਨਿਕਾਹ ਹੋ ਗਿਆ। ਖੁਸ਼ਹਾਲੀ ਨੇ ਰੰਗ ਲਿਆਂਦੇ। ਰਾਜਸੀ-ਖੇਤਰ 'ਚ ਪ੍ਰਵੇਸ਼ ਕਰਨ ਲਈ ਲੋਕਾਂ ਵੱਲੋਂ ਉਤਸ਼ਾਹ ਮਿਲਿਆ। ਅਸੈਂਬਲੀ ਚੋਣਾਂ ਲਈ ਨੂਰਦੀਨ ਨੇ ਬਤੌਰ ਉਮੀਦਵਾਰ ਕਾਗਜ਼ ਭਰ ਦਿੱਤੇ।

ਪਾਕਿਸਤਾਨ ਦੀਆਂ ਅਸੈਂਬਲੀ ਚੋਣਾਂ 'ਚ ਜਿੱਤ ਪ੍ਰਾਪਤ ਕੀਤੀ। ਮੰਤਰੀ ਮੰਡਲ ਵਿੱਚ ਮੰਤਰੀ ਦਾ ਅਹੁਦਾ ਝੋਲੀ ਪੈ ਗਿਆ। ਘਰਵਾਲੀ ਬੇਗਮ ਗੁਲਬਾਨੋ ਨੂੰ ਵਧਾਈਆਂ ਮਿਲਣ ਲੱਗੀਆਂ ਪਰੰਤੂ ਇਹ ਸੁਭਾਗ ਅੱਬਾ-ਅੰਮੀਂ ਨੂੰ ਵੇਖਣਾ ਨਸੀਬ ਨਾ ਹੋਇਆ।

ਸਮੇਂ ਨੇ ਕਰਵਟ ਲਈ। ਦੋਵੇਂ ਪਰਿਵਾਰਾਂ ਦੀ ਸਾਂਝ ਬਣੀ ਰਹੀ। ਦੋਵੇਂ ਦੇਸਾਂ ਦੇ ਸਬੰਧਾਂ 'ਚ ਨਰਮੀ ਆਈ। ਕੰਡਿਆਲੀ ਸਰਹੱਦੀ

ਤਾਰ ਨੂੰ ਵੀ ਸਾਹ ਆਇਆ। ਰਿਸ਼ਤਿਆਂ ਨੂੰ ਵੀ ਮਿਲਣ ਦੀ ਖੁੱਲ੍ਹ ਹੋਈ। ਐਡਵੋਕੇਟ ਨੂਰਦੀਨ ਰੰਧਾਵਾ ਇੱਕ ਮੰਤਰੀ ਬਣ ਗਿਆ ਸੀ। ਜੀਵਨ ਉਮੰਗ ਸੀ ਕਿ ਮੁੜ ਆਪਣੀ ਜਨਮ-ਭੋਇੰ ਅਤੇ ਮਾਪਿਆਂ ਤੋਂ ਵੱਧ ਪਿਆਰੇ ਸੂਬੇਦਾਰ ਕਪੂਰ ਸਿੰਘ ਅਤੇ ਫਰਿਸ਼ਤਿਆਂ ਵਰਗੀ ਬਿਰਧ ਮਾਂ ਨਸੀਬ ਕੁਰ ਦੇ ਦਰਸ਼ਨ ਕਰਨ ਦੀ।

ਮੰਤਰੀ ਨੂਰਦੀਨ ਰੰਧਾਵਾ ਨੇ ਵੀਜ਼ਾ ਪ੍ਰਾਪਤ ਕੀਤਾ ਅਤੇ ਦਿੱਲੀ ਪਾਕਿਸਤਾਨ ਐਮਬੈਸੀ ਆ ਠਹਿਰ ਕੀਤੀ। ਇੱਥੇ ਪ੍ਰੋਗਰਾਮ ਅਨੁਸਾਰ ਇੱਕ ਦਿਨ ਦੀ ਮੁਹਲਤ ਅਨੁਸਾਰ, ਭਾਰਤੀ ਸੁਰੱਖਿਅਤਾ ਰਾਹੀਂ, ਮੰਤਰੀ ਰੰਧਾਵਾ ਆਪਣੇ ਬਚਪਨ ਦੀਆਂ ਯਾਦਾਂ ਨੂੰ ਨਿਹਾਰਦਾ, ਸੂਬੇਦਾਰ ਕਪੂਰ ਸਿੰਘ ਦੇ ਦਰ ਆ ਦਸਤਕ ਦਿੱਤੀ। ਬਜ਼ੁਰਗ ਜੋੜੀ ਦੇ ਪੈਰਾਂ 'ਤੇ ਇੰਝ ਨਤਮਸਤਕ ਹੋਇਆ ਜਿਵੇਂ ਕੋਈ ਚੰਨ ਧਰਤੀ 'ਤੇ ਉਤਰ਼ ਆਇਆ ਹੋਵੇ। ਗਲਵਕੜੀਆਂ

ਨਾਲ ਮੋਢੇ ਨਿੱਘੇ ਹੋ ਗਏ। ਦੋ ਵੰਸ਼ ਜਿਵੇਂ ਮਜ਼ਹਬਾਂ ਤੋਂ ਪਾਰ ਇਨਸਾਨੀਅਤ ਦੀ ਸਜੀਵ ਮੂਰਤ ਬਣ ਗਏ ਹੋਣ।

ਚਾਹ ਪਾਣੀ ਪੀਤਾ ਗਿਆ। ਖ਼ਬਰਸਾਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਲਿਆਂਦੇ ਤੋਹਫੇ ਤੇ ਸੁਗਾਤਾਂ ਬੜੇ ਅਦਬ ਨਾਲ ਬਜ਼ੁਰਗ ਮਾਪਿਆਂ ਨੂੰ ਅਰਪਿਤ ਕੀਤੇ ਗਏ।

"ਤੁਹਾਡਾ ਕੀਤਾ ਪਰ-ਉਪਕਾਰ ਮੈਂ ਕਈ ਜਨਮਾਂ ਵਿੱਚ ਵੀ ਭੁੱਲ ਨਹੀਂ ਸਕਾਂਗਾ। ਮਮਤਾ ਦਾ ਰਿਣ ਤਾਂ ਉਤਾਰਿਆ ਹੀ ਨਹੀਂ ਜਾ ਸਕਦਾ। ਤੁਹਾਡੇ ਦਰਸ਼ਨ ਕਰਨ ਦੀ ਬਹੁਤ ਲੋਚਾ ਸੀ। ਤੁਹਾਡੀਆਂ ਅਸੀਸਾਂ ਮਿਲਦੀਆਂ ਰਹਿਣ", ਕਹਿੰਦੇ-ਕਹਿੰਦੇ ਨੂਰਦੀਨ ਭਾਵੁਕ ਹੋ ਗਿਆ।

ਹੋਰ ਠਹਿਰਨ ਲਈ ਸਮਾਂ ਆਗਿਆ ਨਹੀਂ ਸੀ ਦੇ ਰਿਹਾ। ਵਾਪਸ ਮੁੜਨ ਦਾ ਵੇਲਾ ਹੋ ਗਿਆ। ਕੁਝ ਯਾਦਗਾਰੀ ਨਿਸ਼ਾਨੀਆਂ

ਨਸੀਬ ਕੁਰ ਨੇ ਨੂਰਦੀਨ ਦੀ ਝੋਲੀ ਪਾ ਦਿੱਤੀਆਂ। ਬਿਰਧ ਹੱਥਾਂ ਨਾਲ ਸਿਰ ਪਲੋਸਿਆ।

ਵਿਦਾ ਹੋਣ ਸਮੇਂ ਸਾਰਿਆਂ ਦੀਆਂ ਅੱਖਾਂ ਨਮ ਸਨ। ਜਾਂਦੇ ਜਾਂਦੇ ਨੂਰਦੀਨ ਨੇ ਗੱਡੀ ਰੁਕਵਾ ਕੇ, ਆਪਣੇ ਉਸ ਸਕੂਲ ਨੂੰ ਸਿਜਦਾ ਕੀਤਾ ਜਿੱਥੇ ਉਸ ਨੇ ਪੜ੍ਹਾਈ ਕੀਤੀ ਸੀ।

ਲਾਵਾਰਸ, ਉਜਵਲ ਹੋਣੀ ਦਾ ਪਾਂਧੀ ਪਿੱਛੇ ਆਪਣੀਆਂ ਪੈੜਾਂ ਛੱਡ ਗਿਆ।

●

# ਇਨ੍ਹਾਂ ਕਹਾਣੀਆਂ ਦਾ ਯਥਾਰਥਕ ਪਿਛੋਕੜ



ਮਨਮੋਹਨ ਸਿੰਘ ਦਾਊਂ

ਇਨਸਾਨ ਤੇ ਸ਼ੈਤਾਨ, ਨੇਕੀ ਤੇ ਬਦੀ ਮੁੱਢ-ਕਦੀਮ ਤੋਂ ਹੀ ਟਕਰਾਉਂਦੇ ਪਏ ਚਲੇ ਆਉਂਦੇ ਨੇ। ਨੇਕ ਰੂਹਾਂ, ਹੱਕ-ਸੱਚ ਦੇ ਝੰਡਾ-ਬਰਦਾਰ, ਅਲੰਬਰਦਾਰ, ਪਹਿਰੇਦਾਰ, ਫ਼ਰਿਸ਼ਤਿਆਂ ਵਰਗੇ ਇਨਸਾਨ, ਬਦ ਤੋਂ ਬਦਤਰ ਦੌਰਾਂ ਵੇਲੇ ਵੀ ਮੌਜੂਦ ਰਹੇ ਨੇ। ਏਹਨਾਂ ਅਸਲੀ ਮਨੁੱਖਾਂ, ਹਮੇਸ਼ਾਂ-ਹਮੇਸ਼ਾਂ ਸ਼ੈਤਾਨੀ ਕਰਤੂਤਾਂ ਕਰਨ ਵਾਲਿਆਂ ਨਾਲ ਮੱਥਾ ਲਾਉਣ ਤੋਂ ਕਦੀ ਪਾਸਾ ਨਹੀਂ ਵੱਟਿਆ, ਗੁਰੇਜ਼ ਨਹੀਂ ਕੀਤਾ। ਇਹੋ ਕਾਰਨ ਹੈ ਕਿ ਸੱਚੇ-ਸੁੱਚੇ ਅਸੂਲਾਂ ਵਾਸਤੇ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਲਈ ਨਿਰੰਤਰ ਜੂਝਦੇ ਰਹੇ, ਲੜਦੇ ਰਹੇ, ਸ਼ਹਾਦਤਾਂ ਦੇ ਜਾਮ ਪੀਂਦੇ ਰਹੇ।

ਪੁਆਧ ਖੇਤਰ 'ਚ 1947 ਦੀ ਵੰਡ ਦਾ ਸੰਤਾਪ ਬੜਾ ਹੀ ਦਿਲ ਕੰਬਾਉਣ ਵਰਗਾ ਹੈ ਜਿਸ ਨੂੰ ਸ਼੍ਰੋਮਣੀ ਸਾਹਿਤਕਾਰ ਮਨਮੋਹਨ ਸਿੰਘ ਦਾਊਂ ਨੇ 'ਮੋਈ ਮਾਂ ਦਾ ਦੁੱਧ' ਕਹਾਣੀ-ਸੰਗ੍ਰਹਿ 'ਚ ਬਹੁਤ ਨੇੜਿਓਂ ਹੋ ਕੇ ਡਿੱਠਾ-ਸੁਣਿਆ ਹੈ। ਇਨ੍ਹਾਂ ਕਹਾਣੀਆਂ ਦਾ ਬਿਰਤਾਂਤ ਮਨੁੱਖ ਨੂੰ ਉਸਾਰੂ ਸੋਚਣੀ ਲਈ ਪ੍ਰੇਰਨਾ ਦੇਂਦਾ ਹੈ ਕਿ ਮਨੁੱਖ ਹੈਵਾਨੀ ਹਰਕਤਾਂ ਪਾਗਲ ਹੋਇਆ ਕਰਦਾ ਹੈ ਪਰੰਤੂ ਮਨੁੱਖ ਅੰਦਰ ਇਨਸਾਨੀਅਤ ਜਿਉਂਦੀ ਰਹਿੰਦੀ ਹੈ। ਇਨ੍ਹਾਂ ਕਹਾਣੀਆਂ ਦੀ ਪਕੜ ਪਾਠਕ ਨੂੰ ਝੰਜੋੜਨ ਵਾਲੀ ਹੈ। ਸ੍ਰੀ ਦਾਊਂ ਨੇ ਪਹਿਲ-ਕਦਮੀ ਕਰਕੇ ਪੁਆਧ ਦੇ ਵੰਡ-ਸੰਤਾਪ ਨੂੰ ਜੱਗ-ਜ਼ਾਹਰ ਕੀਤਾ ਜਿਸ ਲਈ ਉਸਦੀ ਪ੍ਰਸੰਸਾ ਕਰਨੀ ਬਣਦੀ।

ਡਾ. ਨਿਰਮਲ ਸਿੰਘ
ਸੇਵਾਦਾਰ, ਪੰਜਾਬੀ ਸੱਥ ਲਾਂਬੜਾ
(ਜਲੰਧਰ)

Tarlochan
Publishers
Moee Maa Da Dudh